Postal No. - G/CHD/0196/2021-2023
Regd No. 32212/78

# ਲੁਬਾਣਾ ਸੇਵਕ

ਫਰਵਰੀ 2022 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਮੁਬਾਰਕਾਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸਿਮਰੋ ਸ੍ਰੀ ਹਰਿਰਾਇ...



ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਹਰਿ ਰਾਇ ਜੀ ਨੂੰ 3 ਮਾਰਚ 1644 ਈ. ਨੂੰ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਬਖ਼ਸ਼ੀ। ਗੁਰੂ ਹਰਿ ਰਾਇ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਮਾਤਾ ਨਿਹਾਲ ਕੌਰ ਜੀ ਦੀ ਕੁਖੋਂ ਹੋਇਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਸਨ। ਬਾਵਜ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ : ਬਾਬਾ ਧੀਰ ਮੱਲ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ : ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ ਅਤੇ ਗੁਰੂ ਤੇਗ਼ ਬਹਾਦਰ ਜੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਮੇਂ ਦੀ ਨਜਾਕਤ ਭਾਂਪਦੇ ਹੋਏ ਵੱਡੇ ਕਾਰਜ ਆਰੰਭੇ ਅਤੇ ਕੀਤੇ -

**"ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰ ਭਾਰੀ। ਅਰਜਨ ਕਾਇਆ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ।**
**ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥ ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।"**

ਛੇਵੇਂ ਪਾਤਸ਼ਾਹ ਜੀ ਨੂੰ ਗੁਰਗੱਦੀ 25 ਮਈ 1606 ਈ. ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਵੱਲੋਂ ਬਖ਼ਸ਼ੀ ਗਈ ਅਤੇ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਇਕ ਮੀਰੀ ਅਤੇ ਦੂਜੀ ਪੀਰੀ ਦੀਆਂ ਪਹਿਨਾਈਆਂ। ਆਪ ਜੀ ਨੇ ਸਿੱਖਾਂ ਨੂੰ ਸ਼ਸ਼ਤਰ ਅਤੇ ਘੋੜੇ ਭੇਟਾ ਕਰਨ ਲਈ ਕਿਹਾ ਅਤੇ ਅੰਗ ਰੱਖਿਅਕ ਰੱਖ ਕੇ ਨੌਜਵਾਨਾਂ ਫੌਜ ਤਿਆਰ-ਬਰ-ਤਿਆਰ ਕੀਤੀ ਅਤੇ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕਰਵਾਈ। ਆਪ ਜੀ ਨੇ 1609 ਈ. ਵਿਚ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਕੀਤੀ। 1611 ਈ. ਨੂੰ ਗੁਰੂ ਜੀ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕੀਤਾ ਜਿੱਥੇ ਹੋਰ ਵੀ ਰਾਜੇ ਬੰਦੀ ਸਨ। ਲੇਕਿਨ ਸਿੱਖ ਸੰਗਤਾਂ ਦੀ ਬੇਚੈਨੀ ਕਰਕੇ 52 ਰਾਜਿਆਂ ਸਮੇਤ ਗੁਰੂ ਜੀ ਰਿਹਾ ਹੋ ਕੇ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਇਸ ਉਪਰੰਤ ਜਹਾਂਗੀਰ ਨੇ ਸੁਲਾਹ ਕਰ ਲਈ ਅਤੇ 13 ਸਾਲ ਅਮਨ ਰਿਹਾ। ਗੁਰੂ ਸਾਹਿਬ ਨੇ ਚਾਰ ਜੰਗਾਂ ਲੜੀਆਂ ਅਤੇ ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ।।ਆਪ ਜੀ 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

ਗੁਰੂ ਹਰਿ ਰਾਇ ਸਾਹਿਬ ਜੀ ਵੱਡਿਆਂ ਦੇ ਬਚਨਾਂ ਨੂੰ ਦ੍ਰਿੜ੍ਹਤਾ ਨਾਲ ਨਿਭਾਉਣ, ਆਪਣੇ ਸੇਵਕ ਦੇ ਮਨ ਦੀ ਜਾਨਣ ਵਾਲੇ ਸਨ। ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਬਾਣੀ ਦਾ ਬਹੁਤ ਸਤਿਕਾਰ ਅਤੇ ਸ਼ਰਧਾ ਕਰਦੇ ਸਨ। ਜਦੋਂ ਵੀ ਸੰਗਤਾਂ ਸ਼ਬਦ ਕੀਰਤਨ ਕਰਦੇ ਆਉਂਦੇ ਤੇ ਸਤਿਗੁਰਾਂ ਦੇ ਆਵਾਜ਼ ਕੰਨੀਂ ਪੈਂਦੀ ਤਾਂ ਤੁਰੰਤ ਕਾਹਲੀ ਨਾਲ ਆਪਣੇ ਪਲੰਘ ਤੋਂ ਥੱਲੇ ਆਉਂਦੇ ਕਿਉਂਕਿ ਗੁਰੂ ਜੀ ਕਹਿੰਦੇ ਸਨ ਕਿ ਇਹ ਬਾਣੀ ਨਿਰੰਕਾਰ ਦੀ ਹੈ। ਪੰਜਾਬ ਵਿਚ ਕਾਲ ਸਮੇਂ ਆਪਣੇ ਦਾਦਾ, ਪੜਦਾਦਾ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਆਪਣੇ ਸ਼ਾਹੀ ਖਜ਼ਾਨੇ ਦੇ ਪੂਰੇ ਪ੍ਰਬੰਧ ਨਾ ਹੋਣ ਕਾਰਨ, ਦਿਲ ਖੋਲ੍ਹ ਕੇ ਮਾਇਆ ਅਤੇ ਪਥਾਰਥਾਂ ਰਾਹੀਂ ਸੇਵਾ ਸੰਭਾਲ ਕੀਤੀ। ਇਸ ਤਰ੍ਹਾਂ ਸ਼ਾਹਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਜੋ ਕਿ ਪੰਜਾਬ ਦਾ ਗਵਰਨਰ ਸੀ ਉਹ ਗੁਰੂ ਜੀ ਦਾ ਕਾਇਲ ਹੋ ਗਿਆ ਅਤੇ ਗੁਰੂ ਜੀ ਨੂੰ ਕਈ ਵਾਰ ਮਿਲਿਆ ਅਤੇ ਗੁਰੂ ਜੀ ਨੂੰ ਲੰਗਰ ਵਾਸਤੇ ਜਗੀਰ ਦੇਣ ਦੀ ਜਾਚਨਾ ਕੀਤੀ ਪ੍ਰੰਤੂ ਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ ਲੰਗਰ ਸਿੱਖ ਸੰਗਤਾਂ ਦੇ ਪਿਆਰ ਕੁਰਬਾਨੀ ਰਾਹੀਂ ਹੀ ਚੱਲਣਾ ਚਾਹੀਦਾ ਹੈ। ਆਪ ਜੀ ਦਿਆਲੂ ਸਤਿਗੁਰ ਸਨ ਜਿਵੇਂ ਕਿ ਆਪ ਨੇ ਭਾਈ ਗਾਉਰਾ ਦੀ ਭੁੱਲ ਬਖ਼ਸ਼ੀ, ਭਾਈ ਜੀਉਣ ਜੀ ਨੂੰ ਪਰਉਪਕਾਰੀ ਬਣਾਇਆ ਅਤੇ ਸੇਧ ਦਿੱਤੀ ਕਿ ਅਕਾਲ ਪੁਰਖ ਦੇ ਹੁਕਮਾਂ ਵਿਚ ਰਹਿਣਾ ਹੈ ਅਤੇ ਪ੍ਰਾਣੀ ਆਪਣੇ ਕਰਮਾਂ ਅਨੁਸਾਰ ਜੀਵਨ ਭੋਗਦਾ ਹੈ। ਦੁੱਖ, ਸੁੱਖ, ਉਮਰ ਤਿੰਨਾਂ ਨੂੰ ਵਿਧਾਤਾ ਹੀ ਬਣਾਉਂਦਾ ਹੈ। ਪ੍ਰਭੂ ਦੀ ਮਰਯਾਦਾ ਅਟੱਲ ਹੈ। ਇਸ ਤਰ੍ਹਾਂ ਭਾਈ ਜੀਉਣਾ ਨੂੰ ਬ੍ਰਾਹਮਣ ਦੇ ਪੁੱਤਰ ਨੂੰ ਜੀਵਤ ਕਰਨ ਬਦਲੇ ਭਾਈ ਜੀਉਣ ਨੂੰ ਜਿੰਦ ਬਦਲੇ ਜਿੰਦ ਦੇਣੀ ਪਈ। ਆਪ ਜੀ ਨੇ ਮਰ੍ਹਜ ਗੋਤ ਦੇ ਕਿਸਾਨਾਂ ਦਾ ਵੱਸਣਾ ਕੀਤਾ ਜੋ ਕਿ ਕੌੜੇ ਗੋਤ ਦੇ ਮਾਲਵੇ ਦੇ ਕਿਸਾਨ ਤਕੜੇ ਅਤੇ ਮਾਲਕ ਸਨ। ਗੁਰੂ ਜੀ ਦੀ ਪ੍ਰੇਰਨਾ ਸਦਕਾ ਜੈਤ ਪਿਰਾਣਾ ਮਾਲਕਾਂ ਨਾਲ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਕ੍ਰਿਪਾ ਨਾਲ ਉਹ ਮੈਦਾਨ ਛੱਡ ਕੇ ਭੱਜ ਗਏ। ਫਿਰ ਇਨ੍ਹਾਂ ਨੇ ਮਹਿਰਾਜ ਨਗਰ ਦੀ ਉਸਾਰੀ ਕੀਤੀ। ਇਸੇ ਤਰ੍ਹਾਂ ਮਰ੍ਹਜ ਕੁਲ ਦਾ ਇਕ ਆਗੂ ਕਾਲਾ ਨਾਮ ਵਿਅਕਤੀ ਆਪਣੇ ਯਤੀਮ ਭਤੀਜੇ ਜਿਨ੍ਹਾਂ ਦਾ ਨਾਮ ਫੂਲ ਅਤੇ ਸੰਦਲੀ ਸਨ ਦੀ ਪਾਲਣਾ ਕਰ ਰਿਹਾ ਸੀ। ਉਹ ਗੁਰੂ ਹਰਿ ਰਾਇ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਉਨ੍ਹਾਂ ਭੁੱਖੇ ਬੱਚਿਆਂ ਨੂੰ ਗੁਰੂ ਜੀ ਨੇ ਕਿਹਾ ਕਿ ਇਹ ਤਾਂ ਰਾਜਕੁਮਾਰ ਹਨ ਇਹ ਤਾਂ ਰਾਜ ਕਰਨਗੇ। ਇਨ੍ਹਾਂ ਦੇ ਘੋੜੇ ਯਮਨਾ ਨਦੀ ਵਿਚ ਪਾਣੀ ਪੀਆ ਕਰਨਗੇ। ਇਸੇ ਤਰ੍ਹਾਂ ਕਾਲੇ ਦੀ ਪਤਨੀ ਦੇ ਕਹਿਣ ਤੇ ਕਾਲੇ ਦੀ ਔਲਾਦ ਨੂੰ ਵਰ ਮਿਲਿਆ ਕਿ ਵਾਹਿਗੁਰੂ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਔਲਾਦ ਨੂੰ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਵੇਗੀ ਅਤੇ ਵੱਡੇ-ਵੱਡੇ ਜ਼ਿਮੀਦਾਰ ਹੋਣਗੇ। ਅੱਜ ਉਹੀ ਇਲਾਕੇ ਵਾਲੇ ਚੜ੍ਹਦੀ ਕਲਾ ਵਿਚ ਹਨ। ਗੁਰੂ ਜੀ ਨੇ ਕੀਰਤਪੁਰ ਸਾਹਿਬ ਵਿਖੇ ਉੱਤਮ ਦਰਜੇ ਦਾ ਸ਼ਾਹੀ ਦਵਾ ਭੰਡਾਰ ਉਪਲਬਧ ਕੀਤਾ ਜਿਸ ਨਾਲ ਬਹੁਤ ਲੋਕਾਂ ਨੂੰ ਆਰਾਮ ਮਿਲਦਾ ਸੀ ਅਤੇ ਦਾਰਾ ਸ਼ਿਕੋਹ ਵੀ ਇਥੋਂ ਦੁਰਲੱਭ ਦਵਾ ਨਾਲ ਠੀਕ ਹੋਇਆ ਸੀ। ਆਪ ਜੀ ਨੇ ਭਾਈ ਕਰਮ ਵੱਲੋਂ ਦਿਲੋਂ ਸ਼ਰਧਾਵਾਨ ਹੋਣ ਤੇ ਅੰਬ ਸਾਹਿਬ (ਮੋਹਾਲੀ) ਵਿਖੇ ਸੱਤਵੇਂ ਜਾਮੇਂ ਵਿਚ ਬੇਮੌਸਮੀ ਰੁੱਤੇ ਵੀ ਅੰਬ ਛੱਕੇ। ਆਪ ਜੀ ਨੇ ਬਾਬਾ ਰਾਮ ਰਾਇ ਜੀ ਨੂੰ ਗੁਰਬਾਣੀ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ **"ਮਿਟੀ ਮੁਸਲਮਾਨ ਕੀ ਪੇੜੇ ਪਈ ਕੁਮ੍ਹਿਆਰ"** ਨੂੰ **"ਮਿੱਟੀ ਬੇਈਮਾਨ ਕੀ ਉਚਾਰਿਆ"** ਜਿਸ ਕਾਰਨ ਗੁਰੂ ਜੀ ਨੇ ਉਹਨਾਂ ਨੂੰ ਮੱਥੇ ਨਾ ਲੱਗਣ ਦੀ ਹਦਾਇਤ ਕੀਤੀ ਅਤੇ ਗੁਰਤਾ ਗੱਦੀ ਸ੍ਰੀ ਗੁਰੂ ਕ੍ਰਿਸ਼ਨ ਸਾਹਿਬ ਜੀ ਨੂੰ ਬਖ਼ਸ਼ਿਸ਼ ਹੋਈ।

ਗੁਰੂ ਸਾਹਿਬਾਨਾਂ ਨੇ ਜੀਵਨ ਜਾਂਚ ਗੁਰ ਮਰਿਆਦਾ, ਜ਼ੁਲਮ ਦਾ ਟਾਕਰਾ ਕਰਨਾ, ਮਜ਼ਲੂਮਾਂ ਦੀ ਰੱਖਿਆ ਕਰਨ, ਬਾਣੀ ਤੇ ਬਾਣੇ ਦੀ ਰਹਿਤ, ਵੱਡਿਆਂ ਦਾ ਸਤਿਕਾਰ ਅਤੇ ਪੂਰਨਿਆਂ 'ਤੇ ਚੱਲਣ ਨੂੰ ਹੀ ਕਿਹਾ ਹੈ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
**Er. Harbhajan Singh**
**Dy. C.E. (Retd.) President**
**M.: 98140-62091**

**Addl. Chief Editor**
**Er. Parminderjit Singh**
**M.: 99153-57524**

**Editor**
**Er. Bhagwan Singh Lubana**
**Dy C.E. (Retd.)**
**E-mail:bslubana187@gmail.com**
**M.: 98155-40240**

**Co-Editor**
**S. Surinder Singh Ruby ETO (Retd.)**
**M.: 98141-28181**

**Advisors**

1. Er. Kulbir Singh Sujlana (General Secretary) PSE-1, (S.E. Retd.)
   M.: 98725-13970
2. S. Naginderjit Singh (Legal Advisor) Session Judge (Retd.),
   M.: 98159-02643
3. S. Narinder Singh, PES (Retd.)
   M.: 98555-34236
4. S. Mohinder Singh, DSP (Retd.)
   M.: 98144-74535
5. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
**e-mail:lobanafoundation@gmail.com**
Websitelink : bmslchd.org, lobanafoundation.org

**FOR ONLINE DEPOSITS OF FUNDS BANK ACCOUNT DETAIL IS AS UNDER:-**
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98140-62091, General Secretary-98725-13970

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਫਰਵਰੀ ਮਹੀਨੇ ਦੀ ਮੱਸਿਆ, ਸੰਗਰਾਂਦ**
**ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**
**ਮੱਸਿਆ - (੧੯ ਮਾਘ) 1-02-2022 (ਮੰਗਲਵਾਰ)**
**ਸੰਗਰਾਂਦ - (੧ ਫੱਗਣ) 12-02-2022 (ਸ਼ਨੀਵਾਰ)**
**ਪੂਰਨਮਾਸ਼ੀ - (੫ ਫੱਗਣ) 16-02-2022 (ਬੁੱਧਵਾਰ)**


**ਬਾਨੀ ਸੰਪਾਦਕ**
**ਸਵ. ਮੇਜਰ ਸ਼ਰਮ ਸਿੰਘ ਝਹੂਰਾ**


## ਤਤਕਰਾ


ਜਿਲਦ ਨੰ. 41 | ਅੰਕ - 105 | ਫਰਵਰੀ - 2022



1. ਪ੍ਰੇਮ ਤੇ ਉਤਸ਼ਾਹ ਦਾ ਤਿਉਹਾਰ ਬਸੰਤ 4
2. ਸਾਕਾ ਸ੍ਰੀ ਨਨਕਾਣਾ ਸਾਹਿਬ 6
3. ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫ਼ਲੇ 'ਤੇ.... 8
4. ਗੁਰ ਸਾਗਰ ਦੇ ਸੁੱਚੇ ਮੋਤੀ 10
5. ਪੱਛੜੀਆਂ ਸ਼੍ਰੇਣੀਆਂ ਦਾ ਰਾਖਵਾਂਕਰਨ – ਅਤੀਤ ਤੇ ਵਰਤਮਾਨ 11
6. ਸਮੁੱਚੇ ਬਰਾਦਰੀ ਹਾਲਾਤ ਤੇ ਇਕ ਝਾਤ 13
7. ਔਰਤਾਂ, ਲਿੰਗ ਸਮਾਨਤਾ ਅਤੇ ਆਤਮ ਨਿਰਭਰਤਾ 14
8. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 16
9. ਪੰਜਾਬ ਚੋਣਾਂ – 2022 19
10. ਕਹਾਣੀ/ਜ਼ਖ਼ਮੀ ਮਰਦ 20
11. ਆਓ ਜਾਣੀਏ! 24
12. ਬੋਤਾ ਬੰਨ੍ਹ ਅੰਬੀਆਂ ਦੀ ਛਾਂਵੇਂ 26
13. ਸਿਹਤ ਸੰਭਾਲ 28
14. ਕਾਵਿ–ਕਿਆਰੀ 30
15. ਹੱਬੀ 32
16. Banda Singh Bahadur 33
17. Project Madurai 37
18. Matrimonial 39
19. ਦਾਨੀ ਸੱਜਣਾਂ ਦੀ ਸੂਚੀ 41



**'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।**



**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

*5 ਫਰਵਰੀ 'ਤੇ ਵਿਸ਼ੇਸ਼*

# ਪ੍ਰੇਮ ਤੇ ਉਤਸ਼ਾਹ ਦਾ ਤਿਉਹਾਰ ਬਸੰਤ



ਸਾਡੇ ਦੇਸ਼ ਵਿਚ ਤਿਉਹਾਰ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਲੋਕ ਬੜੇ ਚਾਅ ਨਾਲ ਹੁਮਾ ਹੁਮਾ ਕੇ ਇਨ੍ਹਾਂ ਤਿਉਹਾਰਾਂ ਤੇ ਮੇਲਿਆਂ ਵਿਚ ਪੁੱਜਦੇ ਹਨ। ਕਿਸੇਂ ਤਿਉਹਾਰ ਮਨਾਉਣ ਨਾਲ ਸਾਨੂੰ ਉਸ ਦਿਵਸ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਅਤੇ ਜਦੋਂ ਅਸੀਂ ਸਾਰੇ ਮਿਲ ਕੇ ਉਸ ਦਿਨ ਨੂੰ ਮਨਾਉਂਦੇ ਹਾਂ ਤਾਂ ਸਾਨੂੰ ਖ਼ੁਸ਼ੀ ਮਿਲਦੀ ਹੈ। ਲੋਕਾਂ ਵਿਚ ਸਾਂਝ ਵਧਦੀ ਹੈ। ਸਾਨੂੰ ਆਪਣੇ ਭਾਈਚਾਰੇ ਵਿਚੋਂ ਸੁਖ ਸ਼ਾਂਤੀ ਮਿਲਦੀ ਹੈ। ਇਸ ਕਰਕੇ ਹਰ ਤਿਉਹਾਰ ਨੂੰ ਪਵਿੱਤਰ ਅਤੇ ਖ਼ੁਸ਼ੀ ਦਾ ਦਿਨ ਮੰਨਿਆ ਜਾਂਦਾ ਹੈ।

ਸਾਡੇ ਬਹੁਤੇ ਤਿਉਹਾਰ ਬਦਲਦੀਆਂ ਰੁੱਤਾਂ ਨਾਲ ਸਬੰਧ ਰਖਦੇ ਹਨ। ਬਸੰਤ ਪੰਚਮੀ, ਹੋਲੀ ਅਤੇ ਵੈਸਾਖੀ ਵਰਗੇ ਤਿਉਹਾਰ ਰੁੱਤਾਂ ਨਾਲ ਹੀ ਜੁੜੇ ਹੋਏ ਹਨ। ਕਈ ਵਾਰ ਕਿਸੇ ਮਹਾਂ ਪੁਰਸ਼ ਜਾਂ ਕਿਸੇ ਵਿਸ਼ੇਸ਼ ਘਟਨਾ ਨਾਲ ਜੁੜਨ ਕਰਕੇ ਇਹ ਤਿਉਹਾਰ ਹੋਰ ਵੀ ਪਵਿੱਤਰ ਬਣ ਜਾਂਦੇ ਹਨ। ਬਸੰਤ ਪੰਚਮੀ ਦਾ ਪੁਰਬ ਬੜਾ ਰੰਗੀਲਾ ਹੈ ਪਰ ਇਹ ਇਸ ਕਰਕੇ ਵੀ ਪਵਿੱਤਰ ਤੇ ਮਹਾਨ ਹੈ ਕਿਉਂਕਿ ਇਸ ਨਾਲ ਵੀਰ ਹਕੀਕਤ ਰਾਏ ਦੀ ਸ਼ਹੀਦੀ ਜੁੜੀ ਹੋਈ ਹੈ। ਵੈਸਾਖੀ ਗਰਮ ਰੁੱਤ ਦੇ ਸੁਆਗਤ ਦਾ ਦਿਵਸ ਹੈ। ਇਸ ਦਿਨ ਕਿਸਾਨ ਕਣਕਾਂ ਦੀ ਵਾਢੀ ਸ਼ੁਰੂ ਕਰਦਾ ਹੈ। ਉਸਦੀ ਫਸਲ ਨੇ ਘਰ ਦੇ ਨਹੀਂ ਸਗੋਂ ਦੇਸ਼ ਦੇ ਭੜੋਲੇ ਭਰਨੇ ਹਨ। ਇਸ ਖ਼ੁਸ਼ੀ ਨੂੰ ਵੰਡਣ ਲਈ ਉਹ ਦਮਾਮੇ ਮਾਰਦਾ ਮੇਲੇ ਵਿਚ ਪਹੁੰਚ ਜਾਂਦਾ ਹੈ।

ਬਸੰਤ ਪੰਚਮੀ ਮੱਘਰ ਮਹੀਨੇ ਦੇ ਚਾਨਣੇ ਪੱਖ ਦੀ ਪੰਚਮੀ (ਫਰਵਰੀ) ਨੂੰ ਮਨਾਈ ਜਾਂਦੀ ਹੈ। ਇਹ ਮਹੀਨਾ ਪਿਆਰੀ ਮਹਿਕਾਂ ਭਰੀ ਬਸੰਤ ਰੁੱਤ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਪਾਲੇ ਨਾਲ ਕੰਬਦੇ ਲੋਕ ਤੇ ਜੀਵ-ਜੰਤੂ ਇਸ ਨਿੱਘੀ ਰੁੱਤ ਨੂੰ ਜੀ ਆਇਆ ਆਖਦੇ ਹਨ। ਰੁੰਡ-ਮਰੁੰਡ ਰੁੱਖਾਂ ਤੇ ਪੌਦਿਆਂ ਉੱਤੇ ਵੀ ਨਵੀਆਂ ਕਰੂੰਬਲਾ ਫੁੱਟ ਪੈਂਦੀਆਂ ਹਨ। ਇਸ ਤਰ੍ਹਾਂ ਲਗਦਾ ਹੈ ਜਿਵੇਂ ਸੀਤ ਰੁੱਤ ਵਿਚ ਫੁੱਲ ਬੂਟੇ ਸੌਂ ਗਏ ਸਨ ਤੇ ਬਸੰਤ ਰਾਣੀ ਨੇ ਉਨ੍ਹਾਂ ਨੂੰ ਹਲੂਣ ਕੇ ਜਗਾ ਦਿੱਤਾ ਹੈ। ਉਨ੍ਹਾਂ ਅੱਖਾਂ ਪੁੱਟ ਲਈਆਂ ਹਨ। ਉਨ੍ਹਾਂ ਅੱਖਾਂ ਵਿਚੋਂ ਹਰੀ ਹਰੀ ਭਾਹ ਦੀਆਂ ਪਤਲੀਆਂ ਤੇ ਕੋਮਲ ਕੋਮਲ ਕਰੂੰਬਲਾਂ ਬਾਹਰ ਵੱਲ ਝਾਕਣ ਲਗਦੀਆਂ ਹਨ।

ਇਸ ਸੁੰਦਰ ਰੁੱਤ ਦੇ ਆਉਣ ਨੂੰ ਅਸੀਂ ਕਈ ਤਰ੍ਹਾਂ ਨਾਲ ਮਨਾਉਂਦੇ ਆ ਰਹੇ ਹਾਂ। ਕਿੱਧਰੇ ਬੱਚੇ ਬਸੰਤੀ ਕੱਪੜੇ ਪਾ ਕੇ ਬਸੰਤੀ ਡੋਰਾਂ ਤੇ ਬਸੰਤੀ ਪਤੰਗਾਂ ਨਾਲ ਪੇਚੇ ਲਗਾ ਰਹੇ ਹੁੰਦੇ ਹਨ। ਪਤੰਗਬਾਜ਼ੀ ਪੂਰੇ ਜ਼ੋਰਾਂ ਤੇ ਹੁੰਦੀ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਅਕਾਸ਼ ਵਿਚ ਰੰਗ ਬਰੰਗੇ ਪੰਛੀ ਉਡਾਰੀਆਂ ਭਰ ਰਹੇ ਹੋਣ। ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਪਤੰਗਬਾਜ਼ੀ ਦੇ ਮੁਕਾਬਲੇ ਵੀ ਹੁੰਦੇ ਹਨ। ਇਕ ਪਾਸਿਓਂ ਕੋ ਬਾਟਾ ਦਾ ਸ਼ੋਰ ਉਠਦਾ ਹੈ। ਦੂਜੇ ਪਾਸਿਉਂ ਬੱਚੇ ਇਸ ਕਟੀ ਹੋਈ ਪਤੰਗ ਨੂੰ ਲੁੱਟਣ ਲਈ ਦੌੜ ਪੈਂਦੇ ਹਨ।

ਬਸੰਤ ਪਤੰਗਬਾਜ਼ੀ ਲਈ ਸਭ ਤੋਂ ਵਧੀਆ ਰੁੱਤ ਹੈ। ਇਸ ਰੁੱਤੇ ਪੌਣ ਬਹੁਤੀ ਤੇਜ਼ ਨਹੀਂ ਵਗਦੀ ਸਗੋਂ ਮੰਦ ਰੁਮਕ ਰਹੀ ਹੁੰਦੀ ਹੈ। ਪੌਣ ਬਹੁਤੀ ਸਿੱਲ੍ਹੀ ਵੀ ਨਹੀਂ ਹੁੰਦੀ। ਅਸਮਾਨ ਸਾਫ਼ ਸੁਥਰਾ ਤੇ ਸੁਹਣਾ ਵਿਖਾਈ ਦੇ ਰਿਹਾ ਹੁੰਦਾ ਹੈ। ਮੀਂਹ, ਹਨ੍ਹੇਰੀ ਜਾਂ ਝੱਖੜ ਦਾ ਕੋਈ ਡਰ ਵੀ ਨਹੀਂ ਹੁੰਦਾ। ਨਿੱਘੀ ਨਿੱਘੀ ਧੁੱਪ ਵਿਚ ਖੇਡਣ ਨੂੰ ਜੀਅ ਕਰਦਾ ਹੈ। ਪਤੰਗਬਾਜ਼ੀ ਨਾਲੋਂ ਹੋਰ ਸੁੱਦਰ ਖੇਡ ਕਿਹੜੀ ਹੋ ਸਕਦੀ ਹੈ ਪਰ ਇਹ ਖੇਡ ਛੱਤਾਂ ਉੱਪਰ ਨਹੀਂ ਸਗੋਂ ਬਾਹਰ ਪੱਧਰੇ ਖੇਤਾਂ ਤੇ ਮੈਦਾਨਾਂ ਵਿਚ ਖੇਡਣੀ ਚਾਹੀਦੀ ਹੈ।

ਲੋਕ ਦਸਦੇ ਹਨ ਕਿਸੇ ਸਮੇਂ ਲਾਹੌਰ ਦੀ ਪਤੰਗਬਾਜ਼ੀ ਦੇਖਣ ਵਾਲੀ ਹੁੰਦੀ ਸੀ। ਪੰਚਮੀ ਅਤੇ ਪਤੰਗਬਾਜ਼ੀ ਵਿਚ ਪੱਪੇ ਦਾ ਕਿੰਨਾ ਸੁਹਣਾ ਸੰਯੋਗ ਹੈ। ਲਾਹੌਰ ਦੇ ਲੋਕ ਮਾਧੋ ਲਾਲ ਹੁਸੈਨ ਦੀ ਸਮਾਧ ਕੋਲ ਪਤੰਗਬਾਜ਼ੀ ਦਾ ਮੇਲਾ ਰਚਾ ਲੈਂਦੇ ਸਨ। ਲੋਕਾਂ ਦਾ ਕਹਿਣਾ ਹੈ ਕਿ ਮਾਧੋ ਲਾਲ ਹੁਸੈਨ ਨੂੰ ਪਤੰਗਬਾਜ਼ੀ ਦਾ ਬਹੁਤ ਜ਼ਿਆਦਾ ਸ਼ੋਕ ਸੀ। ਛੋਟੇ ਹੁੰਦਿਆ ਇਕ ਦਿਨ ਮਾਧੋ ਲਾਲ ਹੁਸੈਨ ਨੇ ਆਪਣੇ ਗੁਰੂ ਪਾਸੋਂ ਪਤੰਗ ਮੰਗਿਆ। ਗੁਰੂ ਕੋਲ ਪੈਸੇ ਨਹੀਂ ਸਨ। ਉਸ ਨੇ ਡੋਂਡੀ ਪਿਟਵਾ ਦਿੱਤੀ ਕਿ ਜਿਹੜਾ ਇਕ ਟਿਕਾ ਭੇਟ ਚੜ੍ਹਾਏਗਾ ਉਸਨੂੰ ਭਗਵਾਨ ਪੁੱਤਰ ਦੀ ਦਾਤ ਦੇਵੇਗਾ। ਇਕ ਨਿਰ-


**ਸੰਪਾਦਕ**
**ਭਗਵਾਨ ਸਿੰਘ**
**ਲੁਬਾਣਾ**
**98155-40240**



ਸੰਤਾਨ ਜੋੜਾ ਟਿੱਕਾਂ ਭੇਂਟ ਕਰਨ ਲਈ ਪੁੱਜ ਗਿਆ। ਗੁਰੂ ਨੇ ਝਟ ਉਹ ਟਿੱਕਾ ਦੇ ਕੇ ਕੁਝ ਪਤੰਗ ਤੇ ਡੋਰ ਖਰੀਦ ਲਈ ਅਤੇ ਬਾਬਾ ਹੁਸੈਨ ਦੀ ਜ਼ਿੰਦ ਪੂਰੀ ਕਰ ਦਿੱਤੀ। ਇਸ ਤਰ੍ਹਾਂ ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ ਜਿਹੜਾ ਲਾਲ ਹੁਸੈਨ ਦੀ ਸਮਾਧੀ ਉੱਪਰ ਪਤੰਗਬਾਜ਼ੀ ਕਰੇਗਾ ਉਸਦੀਆਂ ਮਨੋ ਕਾਮਨਾਵਾਂ ਪੂਰੀਆਂ ਹੋਣਗੀਆਂ।

ਭਾਈ ਗੁਰਦਾਸ ਜੀ ਨੇ ਮਨੁੱਖ ਨਾਲ ਤਸ਼ਬੀਹ ਦਿੰਦੇ ਹੋਏ ਆਪਣੇ ਕਬਿਤ ਵਿਚ ਪਤੰਗ (ਗੁੱਡੀ) ਬਾਰੇ ਕਮਾਲ ਦਾ ਫੁਰਮਾਣ ਕੀਤਾ ਹੈ –

**"ਪਵਨ ਗਵਨ ਜੈਸੇ ਗੁਡੀਆ ਉਡਤ ਰਹੈ,**
**ਪਵਨ ਰਹਿਤ ਗੁਡੀ ਉਡ ਨ ਸਕਤ ਹੈ।**
**ਡੋਰੀ ਕੀ ਮਰੋਰ ਜੈਸੇ ਲਟੂਆ ਫਿਰਤ ਰਹੈ,**
**ਤਾਉ ਹਾਉ ਮਿਟੈ ਗਿਰ ਪਰੈ ਥਕਤ ਹੈ।**
**ਕੰਚਨ ਅਸੁਧ ਜਿਉ ਕੁਠਾਰੀ ਠਹਗਤ ਨਾਹੀ,**
**ਸ਼ੁਧ ਭਏ ਨਿਹਚਲ ਛਬਿ ਕੈ ਛਕਤ ਹੈ।**
**ਦੁਰਮਤਿ ਦੁਬਿਧਾ ਭ੍ਰਮਤ ਹੈ ਚਤੁਰ ਕੁੰਟ,**
**ਗੁਰ ਮਤਿ ਏਕ ਟੇਕ ਮੌਨ ਨ ਬਕਤ ਹੈ।"**

ਬਸੰਤ ਪੰਚਮੀ ਨੂੰ ਲੋਕ ਬਸੰਤੀ ਰੰਗੇ ਦੇ ਕਪੜੇ ਪਾ ਕੇ ਇਸ ਰੁੱਤ ਦਾ ਸੁਆਗਤ ਕਰਦੇ ਹਨ। ਬਸੰਤ ਫੁੱਲਾਂ ਵਰਗੇ ਬਸੰਤੀ ਲੋਕ। ਕੁਦਰਤ ਸੰਗ ਰਲ ਕੇ ਇਕ ਰੰਗ ਹੋ ਜਾਣਾ ਬੜੀ ਵਧੀਆ ਗੱਲ ਹੈ। ਫੁੱਲਾਂ ਵਰਗੇ ਬਣ ਕੇ ਲੋਕਾਂ ਖੁਸ਼ੀ ਤੇ ਮਹਿਕ ਵੰਡਣੀ ਕਿੰਨਾ ਉੱਤਮ ਗੁਣ ਹੈ।

ਜਦੋਂ ਕੁੜੀਆਂ ਬਸੰਤੀ ਚੁੰਨੀਆਂ ਲੈ ਕੇ ਸਰ੍ਹੋਂ ਦੇ ਖੇਤਾਂ ਵਿਚ ਸਾਗ ਤੋੜਨ ਲਈ ਨਿਕਲਦੀਆਂ ਹਨ ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਰ੍ਹੋਂ ਦੇ ਬਸੰਤੀ ਫੁੱਲ ਤੁਰ ਰਹੇ ਹੋਣ। ਬਸੰਤੀ ਦੁੱਪਟੇ, ਬਸੰਤੀ ਪੱਗਾ, ਬਸੰਤੀ ਰੁਮਾਲ, ਬਸੰਤੀ ਟੋਪੀਆਂ ਜਾਂ ਬਸੰਤੀ ਪਟਕੇ–ਇਹ ਸਭ ਕੁਝ ਸਾਡੀ ਖੁਸ਼ੀ ਨੂੰ ਹੀ ਤਾਂ ਦਰਸਾਂਦੇ ਹਨ। ਜੀਅ ਕਰਦਾ ਹੈ ਕਿ ਇਸ ਰੁੱਤ ਵਿਚ ਅਸੀਂ ਵੀ ਹੱਸਦੀ ਤੇ ਮਹਿਕਦੀ ਕੁਦਰਤ ਵਰਗੇ ਹੀ ਬਣ ਜਾਈਏ।

ਘਰਾਂ ਵਿਚ ਬਸੰਤੀ ਚੌਲ, ਸਾਡੀ ਉਡੀਕ ਕਰ ਰਹੇ ਹੁੰਦੇ ਹਨ। ਜਿਧਰ ਜਾਓ ਬਸੰਤ ਵਰਗਾ ਦ੍ਰਿਸ਼ ਹੀ ਨਜ਼ਰ ਆਉਂਦਾ ਹੈ। ਇਹ ਕਿਹੋ ਜਿਹਾ ਸੁਲੱਖਣਾ ਤਿਉਹਾਰ ਹੈ ਜਦੋਂ ਅਸੀਂ ਬਸੰਤ ਹੀ ਹੰਢਾ ਰਹੇ ਤੇ ਬਸੰਤ ਹੀ ਖਾ ਰਹੇ ਹੁੰਦੇ ਹਾਂ।

ਕਈ ਲੋਕ ਇਸ ਰੁੱਤ ਦੇ ਸੁਆਗਤ ਵਿਚ ਬਸੰਤ ਪੰਚਮੀ ਵਾਲੇ ਦਿਨ ਸੰਗੀਤ ਸੰਮੇਲਨ ਕਰਦੇ ਹਨ। ਇਹ ਕਿੰਨੀ ਅਨੋਖੀ ਤੇ ਪਿਆਰੀ ਗੱਲ ਹੈ ਕਿ ਅਸੀਂ ਇਸ ਰੁੱਤ ਦੀ ਮਹਿਮਾ ਗਾਉਣ ਲਈ ਸੰਗੀਤ ਵਿਚ ਵੀ ਬਸੰਤੀ ਰਾਗ ਬਣਾਇਆ ਹੋਇਆ ਹੈ।

ਇਸੇ ਦਿਨ ਸਾਡੇ ਦੇਸ਼ ਦੇ ਨਾਮਧਾਰੀ ਬਾਬਾ ਰਾਮ ਸਿੰਘ ਜੀ ਦਾ ਜਨਮ ਦਿਨ ਵੀ ਮਨਾਇਆ ਜਾਂਦਾ ਹੈ। ਅੰਗਰੇਜ਼ਾਂ ਨੇ ਦੇਸ਼ ਭਗਤ ਬਾਬਾ ਜੀ ਨੂੰ ਦੇਸ਼ ਨਿਕਾਲਾ ਵੀ ਸੰਨ 1973 ਨੂੰ ਬਸੰਤ–ਪੰਚਮੀ ਵਾਲੇ ਦਿਨ ਹੀ ਦਿੱਤਾ ਸੀ। ਕਈਆਂ ਥਾਵਾਂ ਤੇ ਨਾਮਧਾਰੀ ਮੱਤ ਦੇ ਲੋਕ ਸੰਗਤ ਵਿਚ ਬੈਠ ਕੇ ਸੰਗੀਤ ਦਾ ਰਸ ਮਾਣਦੇ ਹਨ।

ਬਸੰਤ ਪੰਚਮੀ ਬਦਲਦੀ ਰੁੱਤਾ ਦਾ ਤਿਉਹਾਰ ਵੀ ਹੈ। ਹਰੇ ਭਰੇ ਖੇਤ, ਨਿੱਘੀ ਅਤੇ ਫੁੱਲਾਂ ਨਾਲ ਮਹਿਕਦੇ ਪੌਦੇ ਸਾਨੂੰ ਵਾਜਾਂ ਮਾਰਦੇ ਹਨ....ਆਓ ਰੱਜ ਕੇ ਸੈਰ ਕਰੋ। ਇਸ ਰੁੱਤ ਵਿਚ ਸੈਰ ਕਰਨ ਨਾਲ ਸਿਹਤ ਬਹੁਤ ਚੰਗੀ ਰਹਿੰਦੀ ਹੈ। ਇਸ ਦਾ ਕਾਰਨ? ਇਸ ਰੁੱਤ ਵਿਚ ਪੌਣ ਸਾਫ਼, ਸਵੱਛ ਤੇ ਸੁਗੰਧਤ ਹੁੰਦੀ ਹੈ। ਸੁਹਾਣੀ ਰੁੱਤ ਵਿਚ ਪ੍ਰਸੰਨਤਾ ਮਿਲਦੀ ਹੈ। ਜਿਸ ਤਰ੍ਹਾਂ ਪੌਦਿਆਂ ਅੰਦਰ ਨਵਾਂ ਰਸ ਪੈਦਾ ਹੁੰਦਾ ਹੈ ਉਸੇ ਤਰ੍ਹਾਂ ਸਾਡੇ ਸਰੀਰ ਵਿਚ ਵੀ ਲਹੂ ਦਾ ਗੇੜ ਕੁਝ ਤੇਜ਼ ਹੋ ਜਾਂਦਾ ਹੈ। ਉਂਜ ਵੀ ਜਦੋਂ ਖੁਸ਼ੀ ਪ੍ਰਾਪਤ ਹੁੰਦੀ ਹੈ ਤਾਂ ਸਾਡਾ ਲਹੂ ਵਧਦਾ ਤੇ ਕੁਝ ਤੇਜ਼ ਦੌੜਦਾ ਹੈ। ਇਸ ਲਈ ਇਨ੍ਹਾਂ ਦਿਨਾਂ ਵਿਚ ਫੁੱਲਾਂ ਬੂਟਿਆਂ ਦੀ ਸ਼ੋਭਾ ਵੇਖਣੀ, ਹਰੀ ਹਰੀ ਘਾਹ ਉੱਪਰ ਫਿਰਨਾ, ਤਾਜ਼ੀ ਪੌਣ ਵਿਚ ਲੰਬੇ ਲੰਬੇ ਸਾਹ ਲੈਣਾ, ਖੇਤਾਂ ਵਿਚ ਘੁੰਮਣਾ ਸਿਹਤ ਲਈ ਬਹੁਤਾ ਚੰਗਾ ਸਿੱਧ ਹੁੰਦਾ ਹੈ।

ਬਸੰਤ ਪੰਚਮੀ ਨੇ ਕਈ ਰੂਪ ਦੇਖੇ ਹਨ। ਪਹਿਲਾਂ ਪਹਿਲ ਇਹ ਤਿਉਹਾਰ ਕੇਵਲ ਸ਼ਾਹੀ ਮਹਿਲਾਂ ਤੀਕ ਹੀ ਸੀਮਤ ਸੀ। ਰਾਜੇ ਰਾਣੀਆਂ ਇਸ ਨੂੰ ਸ਼ਿੰਗਾਰ ਦੇ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਸਨ ਜਾਂ ਫਿਰ ਕੁਝ ਧਾਰਮਿਕ ਸਥਾਨਾਂ ਤੇ ਲੋਕ ਇਕੱਠੇ ਹੋ ਕੇ ਦੇਵਤਿਆਂ ਦੀ ਪੂਜਾ ਕਰਦੇ ਸਨ ਪਰ ਹੁਣ ਇਹ ਤਿਉਹਾਰ ਮਹਿਲ ਮਾੜੀਆਂ ਅਤੇ ਮੰਦਰਾਂ ਵਿਚੋਂ ਨਿਕਲ ਕੇ ਖੇਤਾਂ ਵਿਚ ਆ ਗਿਆ ਹੈ। ਪੰਜਾਬ ਵਿਚ ਇਹ ਤਿਉਹਾਰ ਮੌਸਮ ਅਤੇ ਸੂਰਬੀਰਤਾ ਨਾਲ ਜੁੜਿਆ ਹੋਇਆ ਹੈ। ਇਹ ਪੰਜਾਬੀਆਂ ਦੀ ਚੜ੍ਹਦੀ ਕਲਾ ਨੂੰ ਦਰਸਾਉਂਦਾ ਹੈ। ਪੰਜਾਬ ਵਿਚ ਪਟਿਆਲਾ ਸ਼ਹਿਰ ਦੀ ਬਸੰਤ–ਪੰਚਮੀ ਬੜੀ ਪ੍ਰਸਿੱਧ ਹੈ। ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਲੋਕ ਦੂਰੋਂ ਦੂਰੋਂ ਇਸ਼ਨਾਨ ਕਰਨ ਲਈ ਪੁੱਜਦੇ ਹਨ।

ਲਾਹੌਰ (ਪਾਕਿਸਤਾਨ) ਤੋਂ ਉੱਜੜ–ਪੁੱਜੜ ਕੇ ਆਏ ਲੋਕਾਂ ਨੇ ਪਟਿਆਲੇ ਵਿਚ ਵੀ ਵੀਰ ਹਕੀਕਤ ਰਾਏ ਦੀ ਯਾਦਗਾਰ ਬਣਾ ਲਈ ਹੈ। ਕਹਿੰਦੇ ਨੇ ਉਨ੍ਹਾਂ ਲੋਕਾਂ ਨੇ ਲਾਹੌਰ ਤੋਂ ਹਕੀਕਤ ਰਾਏ ਦੀ ਸਮਾਧ ਤੋਂ ਕੁਝ ਮਿੱਟੀ ਤੇ ਕੁਝ ਇੱਟਾਂ ਲੈ ਆਂਦੀਆਂ ਸਨ। ਇਸ ਨਾਲ ਹੀ ਉਨ੍ਹਾਂ ਨੇ ਇਥੇ ਸਮਾਧ ਤੇ ਬੁੱਤ ਬਣਾ ਕੇ ਹਕੀਕਤ ਰਾਏ ਦਾ ਦਿਨ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਨੇ ਪਟਿਆਲੇ ਦੀ ਬਸੰਤ ਪੰਚਮੀ ਨੂੰ ਹੋਰ ਸ਼ਰਧਾ ਵਾਲਾ ਬਣਾ ਦਿੱਤਾ ਹੈ।

ਸਾਡੇ ਲੋਕਾਂ ਵਿਚ ਸ਼ਹਿਰੀ ਸੁਭਾਅ ਦੀ ਪਰਵਿਰਤੀ ਵਧਦੀ ਜਾ ਰਹੀ ਹੈ। ਪੇਂਡੂ ਸੁਭਾਅ ਦੇ ਖਾਣੇ ਅਲੋਪ ਜਾ ਰਹੇ ਹਨ। ਸਿਆਲ ਰੁੱਤ ਵਿਚ ਹਰ ਘਰ ਵਿਚ ਪਿੰਨੀਆਂ ਬਣਾਉਣ ਦਾ ਰਿਵਾਜ ਆਮ ਸੀ। ਅਜੇ ਵੀ ਪਿੰਡਾਂ ਵਿਚ ਹਲਦੀ ਅਤੇ ਕੇਸਰ ਨਾਲ ਬਣਾਈ ਤਾਹਰੀ (ਚੌਲਾਂ ਦਾ ਨਮਕੀਨ ਪਲਾਅ) ਲੋਕ ਬੜੇ ਚਾਅ ਨਾਲ ਖਾਂਦੇ ਤੇ ਵੰਡਦੇ ਹਨ। ਇਸਨੂੰ ਬਸੰਤ ਪੰਚਮੀ ਦਾ ਪਵਿੱਤਰ ਸ਼ਗਨ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਇਸ ਦਿਨ ਹੱਥਾਂ ਦੇ ਪੌਟਿਆਂ ਨਾਲ ਵੱਟੀਆਂ ਬਰੀਕ ਬਰੀਕ ਪੀਲੀਆਂ ਸੇਵੀਆਂ ਵੀ ਖਾਧੀਆਂ ਜਾਂਦੀਆਂ ਹਨ।

ਇਸ ਦਿਨ ਧਾਰਮਿਕ ਸਥਾਨਾਂ ਵਿਖੇ ਕੀਰਤਨ ਅਤੇ ਪ੍ਰਵਚਨਾਂ ਨਾਲ ਬਸੰਤ ਦੀ ਉਸਤਤ ਕੀਤੀ ਜਾਂਦੀ ਹੈ। ਖਾਸ ਕਰਕੇ ਸ੍ਰੀ ਦਰਬਾਰ ਸਾਹਿਬ (ਹਰਿਮੰਦਿਰ ਸਾਹਿਬ) ਅੰਮ੍ਰਿਤਸਰ ਵਿਖੇ ਸਾਰਾ ਦਿਨ ਬਸੰਤ ਦੀ ਉਸਤਤ ਵਿਚ ਸ਼ਬਦ ਗਾਇਨ ਕੀਤੇ ਜਾਂਦੇ ਹਨ।

ਬਸੰਤ ਰੁੱਤ ਸਭ ਰੁੱਤਾਂ ਦੀ ਸਰਵੋਤਮ ਰਾਣੀ ਹੈ। ਮਨੁੱਖ ਦੇ ਜੀਵਨ ਵਿਚ ਇਸ ਦੀ ਮਹਾਨਤਾ ਹਿਰਦੇ ਵਿਚ ਉਤਰਨ ਵਾਲੀ ਅਤੇ ਸ਼ੁੱਧਤਾ, ਸੁੰਦਰਤਾ, ਸ਼ਾਂਤੀ ਦੀ ਪ੍ਰਤੀਕ ਹੈ। ਆਓ ਸਾਰੇ ਰਲ ਮਿਲ ਕੇ ਇਸ ਮਨਮੋਹਕ ਦ੍ਰਿਸ਼ ਦਾ ਰਸ ਮਾਣੀਏ।

# ਸਾਕਾ ਸ੍ਰੀ ਨਨਕਾਣਾ ਸਾਹਿਬ

**ਪਾਂਧੀ ਨਨਕਾਣਵੀ**



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮ ਅਸਥਾਨ ਅੰਦਰ ਵਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਇਸ ਦਾ ਮੁੱਖ ਕਾਰਨ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣਾ ਅਤੇ ਗੁਰਦੁਆਰਾ ਸਾਹਿਬ ਪਵਿੱਤਰਤਾ ਨੂੰ ਬਹਾਲ ਕਰਨਾ ਸੀ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਨੀ-ਛਲਨੀ ਕੀਤਾ ਗਿਆ ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ' ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗਈ ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੯ ਪਠਾਣਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਫੁੱਟੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ, ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ ਕੀਤੀ ਸੀ। ਇਸ ਰੋਲੇ-ਗੋਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ ਖੜ੍ਹਾ ਕਰਨ ਦੀ ਥਾਂ ਹਿੰਦ-ਸਰਕਾਰ ਵੱਲੋਂ, ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੂੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ

ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਕਰਤਾਰ ਸਿੰਘ 'ਝੱਬਰ' ਨੂੰ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੋਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੯ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੰਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ।

ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ – ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ। ੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ –"ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ ਚਿ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।" ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍ਰ. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂ ਸਨ ਅਤੇ ਹਾਕਮਾਂ ਨਾਲ ਮਿਲਵਰਤਨ ਕਰ ਕੇ ਸਿੱਖ ਕੌਮ ਲਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪ੍ਰੰਤੂ ਮਹੰਤ ਨਰਾਇਣ ਦਾਸ ਨੇ ਆਪਣਏ ਕੇਸ ਦੀ ਪੈਰਵੀ ਲਈ, ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ – "ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ 'ਤੇ ਕਹਿਰੀ ਹਮਲਾ

ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)

ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ ਹੈ ਜਾਂ ਇਸ ਕੌਮ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ ਉਹ ਇਸ ਤੱਥ ਤੋਂ ਬਾਖ਼ੂਬੀ ਵਾਕਿਫ਼ ਹੋਵੇਗਾ ਕਿ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ 'ਨੰਗੇ ਪਿੰਡੇ' 'ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਹੈਰਾਨੀ ਦੀ ਗੱਲ ਹੈ ਕਿ ਤਬਾਹੀ ਮਚਾਉਂਦੇ 'ਝੱਖੜਾਂ ਤੇ ਤੂਫ਼ਾਨਾਂ' ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ 'ਹਵਾਵਾਂ ਹੱਥ ਸੁਨੇਹੇ' ਭੇਜਣ ਲਗਦੇ ਹਨ। ਬਕੌਲ ਸ਼ਾਇਰ :

**ਲੋ ਹਮ ਨੇ ਬਨਾ ਲੀਆ ਹੈ ਨਯਾ ਫਿਰ ਸੇ ਆਸ਼ੀਆਂ !**
**ਯੇ ਬਾਤ ਜਾ ਕੇ ਫਿਰ ਕਿਸੀ ਤੂਫ਼ਾਨ ਸੇ ਕਹੋ !!**

ਦੂਜੀ ਗੱਲ ਇਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਇਹ ਹੁਨਰ ਮਾਲੂਮ ਹੈ। ਤਾਹੀਉਂ ਤਾਂ ਉਹ ਦਾਅਵਾ ਕਰਦੇ ਹਨ ਕਿ :

**ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ,**
**ਜਿਧਰ ਭੀ ਚਲ ਪੜੇਂਗੇ, ਰਸਤਾ ਹੋ ਜਾਏਗਾ।**

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਝਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰੱਖਿਆ। ਡਾ. ਇਕਬਾਲ ਦਾ ਨਿਮਨ ਦਰਜ ਸ਼ਿਅਰ ਇਸ ਤਵਾਰੀਖੀ ਸੱਚਾਈ ਨੂੰ ਬਿਆਨ ਕਰਨ ਲਈ ਖ਼ੂਬ ਰਹੇਗਾ :

**ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,**
**ਸਦੀਓਂ ਰਹਾ ਹੈ ਦੁਸ਼ਮਨ, ਦੌਰੇ ਜ਼ਮਾਂ ਹਮਾਰਾ।**

ਉਂਝ ਤਾਂ ਲਹੂ ਨਾਲ ਲਥਪਥ ਸਿੱਖ ਇਤਿਹਾਸ ਆਪਣੀ ਬੁੱਕਲ ਵਿਚ ਅਜਿਹੀਆਂ ਬੇਮਿਸਾਲ ਗਾਥਾਵਾਂ, ਘਟਨਾਵਾਂ ਤੇ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਆਪ-ਮੁਹਾਰੇ ਅਸ਼-ਅਸ਼ ਕਰ ਉੱਠਦਾ ਹੈ, ਪਰ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਇਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਵੱਡੇ ਘੱਲੂਘਾਰੇ ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਸਿੱਖ



ਰਾਜ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ 'ਤੇ ਲਗਪਗ ਦਸ ਹਮਲੇ ਕੀਤੇ। ਲੁੱਟਮਾਰ ਦਾ ਮਾਲ ਲੈ ਕੇ ਜਦੋਂ ਅਬਦਾਲੀ ਦੀ ਮੁੜਦੀ ਫ਼ੌਜ ਪੰਜਾਬ ਵਿਚੋਂ ਦੀ ਗੁਜ਼ਰਦੀ ਤਾਂ ਸਿੱਖ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਲੁੱਟ ਦੇ ਮਾਲ ਦਾ ਭਾਰ ਹੌਲਾ ਕਰ ਦਿੰਦੇ ਅਤੇ ਕੈਦੀ ਲੜਕੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾ ਦਿੰਦੇ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਹਰ ਵੇਰ ਨਮੋਸ਼ੀ ਦਾ ਮੂੰਹ ਵੇਖਣਾ ਪੈਂਦਾ ਸੀ। ਆਖ਼ਿਰ, ਉਸ ਨੇ ਸਿੱਖਾਂ ਨਾਲ ਉਚੇਚੇ ਤੌਰ 'ਤੇ ਸਿੱਝਣ ਦਾ ਮਨ ਬਣਾ ਲਿਆ। ਉਸ ਨੇ ਜੋ ਹਮਲਾ 1762 ਈ. ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ ਅਬਦਾਲੀ ਦੇ ਇਸ ਸਿੱਖ ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਉਸ ਦਾ ਛੇਵਾਂ ਹਮਲਾ ਸੀ। ਇਤਫ਼ਾਕਵੱਸ, ਇਹ ਅਠ੍ਹਾਰਵੀਂ ਸਦੀ ਦਾ ਉਹ ਕਾਲਾ ਦੌਰ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇਸ ਵੇਰ ਅਬਦਾਲੀ, ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਯੋਜਨਾ ਬਣਾ ਕੇ 18,000 ਬਲੋਚ ਧਾੜਵੀਆਂ ਨਾਲ ਨਮਾਜ਼ ਅਦਾ ਕਰਕੇ ਤੁਰਿਆ ਸੀ। ਅਬਦਾਲੀ ਦੇ ਇਸ ਭਰਮਪੂਰਣ ਪ੍ਰਚਾਰ ਕਿ ਕਾਫ਼ਰਾਂ ਨੂੰ ਤੈਅ ਤੇਗ਼ ਕਰਨਾ ਮੱਕਾ ਸ਼ਰੀਫ਼ ਦੀ ਜ਼ਿਆਰਤ ਦੇ ਬਰਾਬਰ ਹੈ, ਤੋਂ ਪ੍ਰਭਾਵਤ ਹੋ ਕੇ ਕੁਝ ਹੋਰ ਸੈਨਿਕ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਇਸ ਤਰ੍ਹਾਂ 22,000 ਭੂਸਰੇ ਹੋਏ ਸੈਨਿਕਾਂ ਨਾਲ ਅਬਦਾਲੀ, ਜਨਵਰੀ 1762 ਈ. ਨੂੰ ਰਹੁਤਾਸ ਰਾਹੀਂ ਭਾਰਤ ਵਿਚ ਦਾਖ਼ਲ ਹੋਇਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਬਦਾਲੀ ਅਤੇ ਉਸਦੇ ਸੈਨਿਕਾਂ ਦੇ ਹੌਂਸਲੇ ਬੁਲੰਦ ਸਨ, ਕਿਉਂਕਿ ਅਜੇ ਪਿਛਲੇ ਸਾਲ ਹੀ 14 ਜਨਵਰੀ, 1761 ਈ. ਨੂੰ ਪਾਣੀਪਤ ਦੀ ਤੀਜੀ ਲੜਾਈ ਵਿਚ ਅਬਦਾਲੀ ਨੇ ਬਹਾਦਰ ਮਰਹਟਿਆਂ ਨੂੰ ਲੱਕ-ਤੋੜਵੀਂ ਸ਼ਿਕਸਤ ਦਿੱਤੀ ਸੀ।

ਲਾਹੌਰ 'ਤੇ ਕਬਜ਼ਾ ਕਰਨ ਉਪਰੰਤ ਅਬਦਾਲੀ ਨੇ ਸਿੱਖਾਂ ਨਲ ਟੱਕਰ ਲੈਣ ਲਈ ਲੁਧਿਆਣਾ ਵੱਲ ਕੂਚ ਕੀਤਾ। 4 ਫਰਵਰੀ, 1762 ਈ. ਨੂੰ ਉਹ ਲੁਧਿਆਣਾ ਪਹੁੰਚਿਆ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ। ਪਿੰਡ ਕੁੱਪ,

ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਮੰਡੀ ਅਹਿਮਦਗੜ੍ਹ ਤੇ ਮਾਲੇਰਕੋਟਲਾ ਸਟੇਸ਼ਨਾਂ ਵਿਚਕਾਰ ਸਥਿਤ ਹੈ। ਇਸ ਤਰ੍ਹਾਂ ਅਬਦਾਲੀ ਦੀਆਂ ਫ਼ੌਜਾਂ ਨੇ ਮਾਲੇਰਕੋਟਲਾ ਤੋਂ ਪੂਰਬ ਵੱਲ ਛੇ ਮੀਲ ਦੀ ਦੂਰੀ 'ਤੇ ਪਿੰਡ ਕੁੱਪ (ਕੁੱਪ-ਰਹੀੜਾ) ਲਾਗੇ ਸਿੱਖਾਂ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਵੀ ਅਬਦਾਲੀ ਦੀ ਮਦਦ ਲਈ ਉੱਥੇ ਆ ਪਹੁੰਚਿਆ। ਕੁਝ ਹੋਰ ਸਥਾਨਕ ਮੁਗ਼ਲ ਨਵਾਬਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦੀ ਮੱਦਦ ਕੀਤੀ।

ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਕਿਸੇ ਸੁਰੱਖਿਅਤ ਥਾਂ ਵੱਲ ਸਫ਼ਰ ਕਰ ਰਹੇ ਸਨ। ਇਕ ਅੰਦਾਜ਼ੇ ਅਨੁਸਾਰ ਉਸ ਵੇਲੇ ਸਿੱਖਾਂ ਦੀ ਸੰਖਿਆ, ਇਸਤਰੀਆਂ ਤੇ ਬੱਚਿਆਂ ਸਮੇਤ ਲਗਪਗ 50,000 ਸੀ। ਦਰਅਸਲ, ਸਿੱਖ ਉਸ ਸਮੇਂ ਕੁੱਪ ਵਿਖੇ ਡੇਰਾ ਲਾਈ ਬੈਠੇ ਸਨ ਅਤੇ ਉਹ ਲੜਾਈ ਲਈ ਤਿਆਰ ਨਹੀਂ ਸਨ, ਸਿੱਖਾਂ ਕੋਲ ਤਾਂ ਉਸ ਸਮੇਂ ਪੂਰੇ ਹਥਿਆਰ ਵੀ ਨਹੀਂ ਸਨ।

ਸਿੱਖਾਂ ਦਾ ਅੰਦਾਜ਼ਾ ਸੀ ਕਿ ਅਬਦਾਲੀ ਉਨ੍ਹਾਂ ਤੱਕ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਪਰ ਅਬਦਾਲੀ ਨੇ ਲਗਪਗ 150 ਮੀਲਾਂ ਦਾ ਸਫ਼ਰ ਦੋ ਦਿਨਾਂ ਵਿਚ ਮੁਕਾ ਕੇ ਸਿੱਖਾਂ ਨੂੰ 'ਹੱਥਾਂ ਪੈਰਾਂ ਦੀ ਪਾ ਦਿੱਤੀ' ਸੀ (ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਬਦਾਲੀ ਨੇ ਇਹ ਸਫ਼ਰ ਕੇਵਲ 36 ਘੰਟਿਆਂ ਵਿਚ ਤੈਅ ਕੀਤਾ)। ਜ਼ਾਹਿਰ ਹੈ, ਅਬਦਾਲੀ ਨੇ ਇਹ ਕਹਿਰੀ ਹਮਲਾ ਬਹੁਤ ਗੁਪਤ ਅਤੇ ਫ਼ੁਰਤੀ ਨਾਲ ਕੀਤਾ। ਹਾਲਾਤ ਸਿੱਖਾਂ ਦੇ ਹੱਕ ਵਿਚ ਨਾ ਹੋਣ ਦੇ ਬਾਵਜੂਦ ਦਲ ਖ਼ਾਲਸਾ ਨੇ ਡਟ ਕੇ ਮੁਕਾਬਲਾ ਕੀਤਾ। (ਸੰਨ 1748 ਈ. ਵਿਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ 'ਦਲ ਖ਼ਾਲਸਾ' ਕਿਹਾ ਜਾਂਦਾ ਸੀ।)

5 ਫਰਵਰੀ, 1762 ਈ. ਨੂੰ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਪਿੰਡ ਕੁੱਪ ਲਾਗੇ ਸਿੱਖ ਵਹੀਰ ਨੂੰ ਘੇਰ ਲਿਆ ਅਤੇ ਸਿੱਖਾਂ 'ਤੇ ਜੋ ਕਹਿਰ ਵਾਪਰਿਆ ਉਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਭਿਆਨਕ ਸਥਿਤੀ ਵਿਚ ਦਲ ਖ਼ਾਲਸਾ ਦੀ ਕਮਾਂਡ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸਿਆਮ ਸਿੰਘ ਆਦਿ ਵਰਗੇ ਮਹਾਨ ਜਰਨੈਲ ਕਰ ਰਹੇ ਸਨ। ਰਿਆਸਤ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਨੇ ਵੀ ਇਸ ਯੁੱਧ ਵਿਚ ਸਿੱਖਾਂ ਦੀ ਸਹਾਇਤਾ ਕੀਤੀ।

ਬੇਸ਼ੱਕ ਇਸ ਯੁੱਧ ਵਿਚ ਸਿੱਖਾਂ ਦਾ ਬੜਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਉਨ੍ਹਾਂ ਨੇ ਵੈਰੀਆਂ ਦੇ ਕਹਿਰੀ ਹਮਲਿਆਂ ਦਾ ਅਨੋਖੀ ਬਹਾਦਰੀ, ਦਲੇਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਇੱਥੋਂ ਤੱਕ ਕਿ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਦੀ ਇਕ ਫ਼ੌਜੀ ਟੁਕੜੀ, ਜੋ ਸਿੱਖਾਂ ਨੂੰ ਮੂਹਰਿਉਂ ਘੇਰ ਰਹੀ ਸੀ, ਨੂੰ ਹਰਾ ਕੇ ਮਾਲੇਰਕੋਟਲਾ ਵੱਲ ਭਜਾ ਦਿੱਤਾ। ਸਿੱਖਾਂ ਦੀ ਅਦੁੱਤੀ ਤੇ ਬੇਮਿਸਾਲ ਬਹਾਦਰੀ ਦਾ ਜ਼ਿਕਰ ਕਰਦਿਆਂ ਡਾ. ਹਰੀ ਰਾਮ ਗੁਪਤਾ ਆਪਣੀ ਪੁਸਤਕ, 'ਏ ਹਿਸਟਰੀ ਆਫ਼ ਦੀ ਸਿੱਖਸ', 'ਭਾਗ 1, ਪੰਨਾ 172 ਉੱਤੇ ਲਿਖਦਾ ਹੈ, "NOTHING COULD SURPASS THE HEROIC DARING, THE DOGGED TENACITY AND INVINCIBLE FORTITUDE OF THE SIKHS WHO HELD THEMSELVES WITH THEIR EXPOSED FLANKS AND OPEN REAR."

ਸਿੱਖਾਂ ਦੇ ਜਾਨੀ ਨੁਕਸਾਨ ਬਾਰੇ ਡਾ. ਐਨ.ਕੇ. ਸਿਨਹਾ ਅਤੇ ਡਾ. ਐੱਚ.ਆਰ. ਗੁਪਤਾ ਦਾ ਮਤ ਹੈ ਕਿ ਇਸ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਤਕਰੀਬਨ 12,000 ਸੀ, ਜਦੋਂ ਕਿ ਸਿੱਖ ਪੰਥ ਦੇ ਮਹਾਨ ਵਿਦਵਾਨ ਰਤਨ ਸਿੰਘ ਭੰਗੂ ਅਨੁਸਾਰ ਇਹ ਗਿਣਤੀ 30,000 ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ। ਅੰਤ, ਸਿੱਖਾਂ ਦੇ ਹੌਂਸਲੇ ਤੋਂ ਭੈਅ-ਭੀਤ ਹੋ ਕੇ ਉਹ, ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਿਆਂ, ਪਹਿਲਾਂ ਲਾਹੌਰ ਚਲਿਆ ਗਿਆ ਅਤੇ ਫਿਰ ਅਫ਼ਗਾਨਿਸਤਾਨ ਦਾ ਰਾਹ ਫੜਿਆ। ਚੇਤੇ ਰਹੇ! ਬਾਅਦ ਵਿਚ ਉਸ ਨੇ ਜੋ ਹਮਲੇ ਕੀਤੇ ਉਹ ਉਸ ਦੀ ਕਮਜ਼ੋਰੀ ਦਾ ਢੰਡੋਰਾ ਸਨ, ਸ਼ਕਤੀ ਦਾ ਨਗਾਰਾ ਨਹੀਂ।

ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਵਰ੍ਹੇ ਹੀ ਸੰਨ 1763 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੱਲ ਫਿਰ ਉਥੇ ਆ ਕੇ ਹੀ ਮੁੱਕਦੀ ਹੈ ਕਿ "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ...।"

ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਇਸ ਦੇ ਨਾਲ ਹੀ ਸਿੱਖ ਉਸ ਸ਼ਾਹ ਰਾਹ 'ਤੇ ਹੋ ਤੁਰੇ, ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ।

# ਬੇਨਤੀ

**ਸਮੂਹ ਮੈਂਬਰਾਂ, ਪਾਠਕਾਂ, ਲੇਖਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 'ਲੁਬਾਣਾ ਸੇਵਕ' ਮੈਗਜ਼ੀਨ ਲਈ ਆਪਣੀਆਂ ਲਿਖਤਾਂ, ਗਤੀਵਿਧੀਆਂ ਆਦਿ ਹਰ ਮਹੀਨੇ ਦੀ 25 ਤਰੀਕ ਤੱਕ ਭਵਨ ਦੀ ਈ-ਮੇਲ ਜਾਂ ਐਡਰੈਸ 'ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਧੰਨਵਾਦ।**

**-ਸੰਪਾਦਕ**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਭਾਈ ਮਨਸੁਖ ਦਾ ਰਾਜੇ ਸ਼ਿਵਨਾਭ ਨੂੰ ਉਪਦੇਸ਼

ਸੰਗਲਾਦੀਪ ਇੱਕ ਬੜਾ ਸੁੰਦਰ ਨਗਰ ਸੀ। ਜਿੱਥੇ ਬੜੇ ਧਨੀ ਲੋਕ ਵੱਸਦੇ ਸਨ। ਭਾਈ ਮਨਸੁਖ ਨੇ ਇਥੇ ਨਿਵਾਸ ਕੀਤਾ। ਇਥੋਂ ਦਾ ਰਾਜਾ ਜਿਸ ਦਾ ਨਾਮ ਸ਼ਿਵਨਾਭ ਸੀ, ਬੜਾ ਕਰਮ-ਕਾਂਡੀ ਸੀ। ਠਾਕਰਾਂ ਦੀ ਪੂਜਾ ਕਰਦਾ ਸੀ। ਇਕਾਦਸ਼ੀ ਦਾ ਵਰਤ ਆਪ ਰੱਖਦਾ ਸੀ ਤੇ ਬਾਕੀ ਦੇ ਭੀ ਸਾਰੇ ਲੋਕ ਇਕਾਦਸ਼ੀ ਦਾ ਵਰਤ ਰੱਖਦੇ ਸਨ। ਸੂਰਜ ਚੜ੍ਹੇ, ਇਸ਼ਨਾਨ ਕਰਕੇ ਆਪਣੇ ਤਿਲਕ ਲਾਉਂਦਾ ਸੀ ਅਤੇ ਸਾਰੇ ਮੁਲਕ ਵਿਚ ਭੀ ਇਸੇ ਤਰ੍ਹਾਂ ਕਰਨ ਦੀ ਆਗਿਆ ਦਿੱਤੀ ਹੋਈ ਸੀ। ਭਾਈ ਮਨਸੁਖ, ਜਿਸ ਤਰ੍ਹਾਂ ਕਿ ਸਤਿਗੁਰਾਂ ਆਗਿਆ ਕੀਤੀ ਹੋਈ ਸੀ, ਉਸੇ ਤਰ੍ਹਾਂ ਪਹਿਰ ਰਾਤ ਰਹਿੰਦੇ ਉੱਠਦਾ, ਇਸ਼ਨਾਨ ਕਰਦਾ, ਸਤਿਗੁਰਾਂ ਦੀ ਪਵਿੱਤਰ ਬਾਣੀ ਦੇ ਸ਼ਬਦਾਂ ਦਾ ਪਾਠ ਤੇ ਕੀਰਤਨ ਕਰਦਾ। ਫਿਰ ਦਿਨ ਚੜ੍ਹੇ ਕੜਾਹ ਪ੍ਰਸ਼ਾਦ ਕਰਕੇ ਅਰਦਾਸ ਕਰਦਾ ਨੇੜੇ ਜਿਹੜੇ ਪ੍ਰੇਮੀ ਹੁੰਦੇ, ਉਨ੍ਹਾਂ ਨੂੰ ਵੰਡ ਕੇ ਫਿਰ ਆਪ ਛਕਦਾ। ਫਿਰ ਆਪਣੇ ਵਪਾਰ ਦਾ ਕੰਮ ਕਰਦਾ। ਸ਼ਾਮ ਨੂੰ ਫਿਰ ਬਾਣੀ ਦਾ ਪਾਠ ਕਰਕੇ ਅਰਦਾਸ ਕਰਕੇ ਸੌਂਦਾ ਇਸ ਤਰ੍ਹਾਂ ਦੀ ਪੂਜਾ ਦੀ ਰੀਤ ਵੇਖ ਕੇ ਇਥੋਂ ਦੇ ਲੋਕ ਨਫ਼ਰਤ ਕਰਦੇ। ਈਰਖਾ ਕਰਕੇ ਹੱਸਦੇ, ਨਿੰਦਿਆ ਭੀ ਕਰਦੇ। ਰਾਜੇ ਦੇ ਪਾਸ ਬਹੁਤ ਸਾਰੇ ਲੋਕਾਂ ਨੇ ਜਾ ਕੇ ਚੁਗਲੀ ਖਾਧੀ ਕਿ ਸਮੁੰਦਰ ਪਾਰ ਤੋਂ ਇਕ ਵਪਾਰੀ ਆਇਆ ਹੈ, ਉਸ ਵਿਚ ਹਿੰਦੂਆਂ ਦੇ ਧਰਮ ਵਾਲੀ ਕੋਈ ਗੱਲ ਨਜ਼ਰ ਨਹੀਂ ਆਉਂਦੀ। ਨਾ ਇਕਾਦਸ਼ੀ ਦਾ ਵਰਤ ਹੀ ਕਦੀ ਉਸ ਨੇ ਰੱਖਿਆ ਹੈ ਤੇ ਨਾ ਤਿਲਕ ਹਾ ਲਾਂਦਾ ਹੈ। ਸੰਸਾਰ ਤੋਂ ਵੱਖਰੀ ਹੀ ਕੋਈ ਪੂਜਾ ਦੀ ਰੀਤ ਰੱਖਦਾ ਹੈ। ਰਾਜਾ ਸੁਣ ਕੇ ਬੜਾ ਹੈਰਾਨ ਹੋਇਆ। ਇਕ ਆਦਮੀ ਭੇਜ ਕੇ ਰਾਜੇ ਨੇ ਭਾਈ ਮਨਸੁਖ ਨੂੰ ਆਪਣੇ ਪਾਸ ਬੁਲਾਇਆ। ਭਾਈ ਮਨਸੁਖ ਨੇ ਇਕ ਰੁਪਇਆ ਤੇ ਇਕ ਨਰੇਲ ਲਿਆ। ਬੜੇ ਨਿਧੱੜਕ ਹੋ ਕੇ ਰਾਜੇ ਪਾਸ ਗਏ। ਭੇਟਾ ਦੇ ਕੇ ਨਿਮਸਕਾਰ ਕੀਤੀ। ਗੁਰੂ ਨਾਨਕ ਦਾ ਨਾਮ ਲੈ ਕੇ ਬੈਠ ਗਏ। ਰਾਜੇ ਨੇ ਪੁੱਛਿਆ—ਤੂੰ ਹਿੰਦੂ ਹੈਂ? ਭਾਈ ਮਨਸੁਖ ਕਹਿਣ ਲੱਗਾ—ਹਾਂ ਜੀ, ਮੈਂ ਹਿੰਦੂ ਹਾਂ। ਰਾਜੇ ਨੇ ਕਿਹਾ—ਨਾ ਤੂੰ ਇਕਾਦਸ਼ੀ ਦਾ ਵਰਤ ਵੀ ਕਦੇ ਰੱਖਿਆ ਹੈ, ਨਾ ਤੂੰ ਇਸ਼ਨਾਨ ਕਰਦਾ ਹੈਂ, ਨਾ ਤੂੰ ਤਿਲਕ ਲਾਉਂਦਾ ਹੈਂ, ਨਾ ਪੂਜਾ ਹੀ ਕਰਦਾ ਹੈਂ।

ਫਿਰ ਤੂੰ ਕਾਹਦਾ ਹਿੰਦੂ ਹੈ। ਤੈਨੂੰ ਇਹ ਸਿੱਖਿਆ ਕਿਸ ਨੇ ਦਿੱਤੀ ਹੈ, ਜੋ ਤੂੰ ਆਪਣੀ ਵੱਖਰੀ ਹੀ ਰੀਤ ਕਰਦਾ ਹੈਂ? ਭਾਈ ਮਨਸੁਖ ਕਹਿਣ ਲੱਗਾ—ਰਾਜਾ, ਸੰਸਾਰ ਬ੍ਰਿਛ ਵਾਂਗ ਹੈ, ਇਸ ਦੇ ਸਿਰ ਤੇ ਮਾਨੋ ਮੁਕਤੀ ਦਾ ਇਕ ਫਲ ਲੱਗਾ ਹੋਇਆ ਹੈ। ਇਸ ਮੁਕਤੀ-ਰੂਪ ਫਲ ਨੂੰ ਲੈਣ ਦੇ ਦੋ ਰਸਤੇ ਹਨ। ਇਕ ਤੇ ਹੈ ਕੀੜੀ ਦਾ ਰਸਤਾ ਦੂਜਾ ਰਾਹ ਹੈ ਪੰਛੀ ਦਾ। ਰਾਜੇ ਨੇ ਕਿਹਾ—ਮੈਨੂੰ ਇਹ ਗੱਲ ਖੋਹਲ ਕੇ ਦੱਸ। ਭਾਈ ਮਨਸੁਖ ਨੇ ਕਿਹਾ—ਤਪ, ਹਠ, ਤੀਰਥ, ਵਰਤ ਨੇਮ, ਇਹ ਕੀੜੀ ਦਾ ਰਸਤਾ ਹੈ। ਕੀੜੀ ਵਾਂਗ ਹੌਲੀ-ਹੌਲੀ ਰੋਜ਼ ਵਰਤ ਨੇਮ ਪੂਜਾ ਕਰਦਾ ਰਹੋ ਫਿਰ ਭੀ ਪਤਾ ਨਹੀਂ ਮੁਕਤੀ ਫਲ ਮਿਲੇ ਕਿ ਨਾ। ਦੂਸਰਾ ਰਸਤਾ ਹੈ ਬਿਹੰਗਮੀ, ਜਿਸ ਨੂੰ ਪੂਰਾ ਗੁਰੂ ਮਿਲ ਗਿਆ, ਪ੍ਰੇਮ ਦੀ ਕਣੀ ਜਿਸ ਦੇ ਅੰਦਰ ਪੈ ਗਈ, ਰਾਤ ਦਿਨ ਸਿਫ਼ਤ ਸਲਾਹ ਦੀਆਂ ਉਡਾਰੀਆਂ ਨਾਮ ਅਕਾਸ਼ ਵਿਚ ਲਾਵੇ, ਉਸ ਨੂੰ ਮੁਕਤੀ ਫਲ ਜਲਦੀ ਮਿਲ ਜਾਂਦਾ ਹੈ ਤੇ ਜੰਮਣ ਮਰਨ ਤੋਂ ਛੁਟਕਾਰਾ ਪਾ ਲੈਂਦਾ ਹੈ।

ਮਨਸੁਖ ਨੇ ਜਦੋਂ ਰਾਜੇ ਨੂੰ ਸੁੰਦਰ ਉਪਦੇਸ਼ ਦਿੱਤਾ ਤਾਂ ਰਾਜਾ ਗਦ-ਗਦ ਹੋ ਗਿਆ ਤੇ ਕਹਿਣ ਲੱਗਾ ਕਿ ਸ਼ਾਹ ਤੂੰ ਧੰਨ ਹੈਂ, ਤੇਰਾ ਗੁਰੂ ਕੌਣ ਹੈ, ਜਿਸ ਨੇ ਤੈਨੂੰ ਇਹ ਰਸਤਾ ਦੱਸ ਕੇ ਤਾਰਿਆ ਹੈ? ਮਨਸੁਖ ਕਹਿਣ ਲੱਗਾ : ਮੇਰਾ ਗੁਰੂ, ਗੁਰੂ ਨਾਨਕ ਹੈ, ਜੋ ਗਰੀਬਾਂ ਤੇ ਦਇਆ ਕਰਨ ਵਾਲਾ ਹੈ, ਪਾਪਾਂ ਦਾ ਨਾਸ਼ ਕਰਨ ਵਾਲਾ। ਗੁਰੂ ਨਾਨਕ ਦਾ ਨਾਮ ਲੈਂਦਿਆਂ ਹੀ ਮਨਸੁਖ ਦੀਆਂ ਅੱਖਾਂ ਵਿਚ ਜਲ ਭਰ ਆਇਆ, ਕੰਠ ਰੁਕ ਗਿਆ।

ਰਾਜੇ ਸ਼ਿਵਨਾਭ ਦੇ ਕਲੇਜੇ ਇੱਕ ਪ੍ਰੇਮ ਦਾ ਅਣਿਆਲਾ ਤੀਰ ਵੱਜਾ, ਜੈਸੇ ਕਿ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ :

**ਕਹੀ ਸਾਹੂ ਕੀ ਬਾਨੀ ਜੋਈ**
**ਸਗਰੋ ਮਰਦ ਭੇਦ ਗਈ ਸੋਈ॥**
**ਕੱਸੀ ਤੁਫੰਗ ਮਾਰੀਏ ਜੈਸੇ**
**ਘਾਇਲ ਭਯੋ ਭੁਵਾਲੂ ਤੈਸੇ।**

ਸ਼ਿਵਨਾਭ ਕਹਿਣ ਲੱਗਾ ਕਿ ਉਸ ਗੁਰੂ ਦੇ ਮੈਨੂੰ ਭੀ ਦਰਸ਼ਨ ਕਰਾ। ਮਨਸੁਖ ਨੇ ਕਿਹਾ ਕਿ ਗੁਰੂ ਨੂੰ ਹਿਰਦੇ ਵਿਚ ਧਿਆਨ ਧਾਰ ਕੇ ਯਾਦ ਕਰੋ, ਉਹ ਗੁਰੂ ਅੰਤਰਜਾਮੀ ਹੈ, ਗਰੀਬ-ਨਿਵਾਜ਼ ਹੈ, ਜਦੋਂ ਗੁਰੂ ਜੀ ਨੂੰ ਤੁਹਾਡੇ ਪ੍ਰੇਮ ਦੀ ਖਿੱਚ ਲੱਗੇਗੀ ਤਾਂ ਸਤਿਗੁਰੂ ਆਪ ਹੀ ਇਥੇ ਆ ਕੇ ਤੁਹਾਨੂੰ ਦਰਸ਼ਨ ਦੇਣਗੇ। ਜੋ ਕੋਈ ਵੀ ਪ੍ਰੇਮ ਨਾਲ ਯਾਦ ਕਰਦਾ ਹੈ, ਸਤਿਗੁਰੂ ਉਸ ਨੂੰ ਜ਼ਰੂਰ ਦਰਸ਼ਨ ਦਿੰਦੇ ਹਨ।

ਇਸ ਤਰ੍ਹਾਂ ਗੁਰੂ ਦਾ ਸਿੱਖ ਭਾਈ ਮਨਸੁਖ, ਰਾਜਾ ਸ਼ਿਵਨਾਭ ਨੂੰ ਸਿੱਖੀ ਦੇ ਪ੍ਰੇਮ ਵਿਚ ਜਿਵਾਲ ਕੇ ਗੁਰੂ ਨਾਨਕ ਦੇ ਪਿਆਰ ਵਿਚ ਲਾ ਕੇ ਦੇਸ਼ ਨੂੰ ਵਾਪਸ ਆ ਗਿਆ। ਕਿਤਨੇ ਸਮੇਂ ਪਿਛੋਂ ਰਾਜੇ ਸ਼ਿਵਨਾਭ ਦੇ ਪ੍ਰੇਮ ਦੇ ਖਿੱਚੇ ਹੋਏ ਸਤਿਗੁਰਾਂ ਨੇ ਸੰਗਲਾ ਦੀਪ ਵਿਚ ਜਾ ਕੇ ਰਾਜੇ ਸ਼ਿਵਨਾਭ ਨੂੰ ਨਿਹਾਲ ਕੀਤਾ।

ਭਾਈ ਮਨਸੁਖ ਵਣਜਾਰਾ ਸਿੱਖ ਸੀ, ਜੋ ਦੇਸ਼ਾਂ ਦੇਸ਼ਾਂਤਰਾਂ ਵਿਚ ਜਹਾਜ਼ਾਂ ਰਾਹੀਂ ਮਾਲ ਲਿਜਾ ਕੇ ਵਪਾਰ ਕਰਦੇ ਹਨ। ਭਾਈ ਸੰਤੋਖ ਸਿੰਘ, ਭਾਈ ਕਾਹਨ ਸਿੰਘ ਨਾਭਾ ਅਤੇ ਭਾਈ ਵੀਰ ਸਿੰਘ ਜੀ ਨੇ ਭਾਈ ਮਨਸੁਖ ਨੂੰ ਵਣਜਾਰਾ ਸਿੱਖ ਲਿਖਿਆ ਹੈ।

*(ਪਿਛਲੇ ਅੰਕ ਦੀ ਬਾਕੀ)*

# ਪੱਛੜੀਆਂ ਸ਼੍ਰੇਣੀਆਂ ਦਾ ਰਾਖਵਾਂਕਰਨ - ਅਤੀਤ ਤੇ ਵਰਤਮਾਨ

ਦੇਸ਼ ਬੰਧੂ ਕਾਲਜ ਦਿੱਲੀ ਦੇ ਵਿਦਿਆਰਥੀ ਰਜੀਵ ਗੋਸਵਾਮੀ ਨੇ 19 ਸਤੰਬਰ 1980 ਨੂੰ ਆਪਣੇ ਆਪ ਨੂੰ ਅੱਗ ਲਗਾ ਲਈ। ਇਸ ਨਾਲ ਉੱਚੀ ਜਾਤੀ ਦੇ ਵਿਦਿਆਰਥੀਆਂ ਖਾਸ ਕਰਕੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਮੈਂਬਰਾਂ ਨੇ ਮੰਡਲ ਵਿਰੋਧੀ ਜਲਸਿਆਂ ਵਿਚ ਆਤਮਦਾਹ ਕਰਨਾ ਸ਼ੁਰੂ ਕਰ ਦਿੱਤਾ। ਤਕਰੀਬਨ 200 ਵਿਦਿਆਰਥੀਆਂ ਨੇ ਆਪਣੇ ਆਪ ਨੂੰ ਅੱਗ ਲਗਾਈ ਜਿਨ੍ਹਾਂ ਵਿਚ ਤਕਰੀਬਨ 62 ਦੀ ਸੜ ਕੇ ਮੌਤ ਹੋ ਗਈ। ਉੱਤਰੀ ਭਾਰਤ ਵਿਚ ਇਸ ਦਾ ਖਾਸ ਅਸਰ ਵੇਖਣ ਨੂੰ ਮਿਲਿਆ। ਜਲੂਸ ਵਿਖਾਵੇ ਅਤੇ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਪੁਲਿਸ ਨੂੰ ਕਈ ਜਗ੍ਹਾ ਤੇ ਗੋਲੀ ਵੀ ਚਲਾਉਣੀ ਪਈ ਜਿਸ ਵਿਚ ਤਕਰੀਬਨ 50 ਵਿਖਾਵਾਕਾਰੀਆਂ ਦੀਆਂ ਜਾਨਾਂ ਵੀ ਗਈਆਂ। ਇਸ ਵਿਰੋਧ ਦਾ ਅਸਰ ਉੱਤਰੀ ਭਾਰਤ ਵਿਚ ਹੀ ਜ਼ਿਆਦਾ ਸੀ। ਦੱਖਣੀ ਭਾਰਤ ਵਿਚ ਇਸ ਦਾ ਕੋਈ ਖਾਸ ਅਸਰ ਨਾਂ ਪਿਆ। ਜਿਸ ਦਾ ਮੁੱਖ ਕਾਰਨ ਉਹਨਾਂ ਰਾਜਾਂ ਵਿਚ ਪਛੜੀਆਂ ਸ਼੍ਰੇਣੀਆਂ ਦੀ ਗਿਣਤੀ ਕਾਫੀ ਜ਼ਿਆਦਾ ਹੋਣਾ ਸੀ ਅਤੇ ਇਹਨਾਂ ਰਾਜਾਂ ਵਿਚ ਉਦਯੋਗੀਕਰਨ ਜ਼ਿਆਦਾ ਹੋਣ ਕਾਰਨ ਉੱਚ ਜਾਤੀਆਂ ਦੇ ਵਿਦਿਆਰਥੀ ਸਰਕਾਰੀ ਨੌਕਰੀਆਂ ਤੇ ਜ਼ਿਆਦਾ ਨਿਰਭਰ ਨਹੀਂ ਸਨ।

ਆਖਿਰ ਇਸ ਰਿਪੋਰਟ ਅਤੇ ਸਰਕਾਰ ਦੇ ਫੈਸਲੇ ਨੂੰ ਇਕ ਮਸ਼ਹੂਰ ਵਕੀਲ ਸ੍ਰੀਮਤੀ ਇੰਦਰਾ ਸਾਹਨੀ ਵੱਲੋਂ ਮਾਨਯੋਗ ਸੁਪਰੀਮ ਕੋਰਟ ਵਿਚ ਚੈਲਿੰਗ ਕੀਤਾ ਗਿਆ। ਇੰਦਰਾ ਸਾਹਨੀ ਬਨਾਮ ਯੂਨੀਅਨ ਆਫ਼ ਇੰਡੀਆਂ ਦੇ ਸਿਰਲੇਖ ਹੇਠ ਇਸ ਮਸ਼ਹੂਰ ਤੇ ਅਹਿਮ ਕੇਸ ਵਿਚ ਸਾਰੀਆਂ ਧਿਰਾਂ ਅਤੇ ਇਤਿਹਾਸਕ ਪਿਛੋਕੜ ਦੇ ਮੱਦੇਨਜ਼ਰ ਸੁਪਰੀਮ ਕੋਰਟ ਦੀ 9 ਮੈਂਬਰੀ ਸੰਵਿਧਾਨਕ ਬੈਂਚ ਨੇ 16 ਨਵੰਬਰ 1992 ਨੂੰ ਕੁਝ ਤਬਦੀਲੀਆਂ ਨਾਲ ਮੰਡਲ ਕਮਿਸ਼ਨ ਦੀ ਰਿਪੋਰਟ ਅਤੇ ਸਰਕਾਰ ਦੇ ਇਸ ਰਿਪੋਰਟ ਨੂੰ ਲਾਗੂ ਕਰਨ ਦੇ ਫੈਸਲੇ ਨੂੰ ਲਾਗੂ ਕਰ ਦੇਣ ਦੀ ਹਰੀ ਝੰਡੀ ਦੇ ਦਿੱਤੀ। ਸੁਪਰੀਮ ਕੋਰਟ ਨੇ ਪੱਛੜੀਆਂ ਸ਼੍ਰੇਣੀਆਂ ਵਿਚ ਵੱਧ ਆਮਦਨ ਗਰੁੱਪ ਦੇ ਲੋਕਾਂ ਲਈ ਇਕ ਕਰੀਮੀ ਲੇਅਰ ਬਨਾਉਣ ਦਾ ਫੈਸਲਾ ਦਿੱਤਾ। ਜਿਸ ਅਨੁਸਾਰ ਇਕ ਸੀਮਾ ਹੱਦ ਤੋਂ ਵੱਧ ਆਮਦਨੀ ਵਾਲੇ ਲੋਕ ਅਤੇ ਵੱਖ-ਵੱਖ ਰੁਤਬਿਆਂ ਤੇ ਬੈਠੇ ਪਛੜੀ ਸ਼੍ਰੇਣੀਆਂ ਦੇ ਬਸ਼ਿੰਦਿਆਂ ਨੂੰ ਇਸਦਾ ਲਾਭ ਨਾ ਦੇਣ ਦਾ ਫੈਸਲਾ ਕੀਤਾ।




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**


ਇਸ ਫੈਸਲੇ ਨਾਲ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਸ ਨੂੰ ਲਾਗੂ ਕਰਨ ਦਾ ਸੰਵਿਧਾਨਿਕ ਤੌਰ 'ਤੇ ਹੱਕ ਮਿਲ ਗਿਆ। ਦੇਸ਼ ਵਿਚਲੀਆਂ ਵੱਖ-ਵੱਖ ਰਾਜਾਂ ਦੀਆਂ ਰਾਜ ਸਰਕਾਰਾਂ ਨੇ ਆਪਣੇ-ਆਪਣੇ ਰਾਜਾਂ ਵਿਚ ਮੌਜੂਦ ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਕੇਂਦਰ ਸਰਕਾਰ ਨੇ ਆਪਣੀ ਕੇਂਦਰੀ ਸਰਕਾਰ ਦੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਸ਼ਾਮਲ ਸ਼੍ਰੇਣੀਆਂ ਦੇ ਲੋਕਾਂ ਨੂੰ ਵੱਖ-ਵੱਖ ਸਮੇਂ ਤੇ ਵਿਦਿਅਕ ਸੰਸਥਾਵਾਂ ਅਤੇ ਨੌਕਰੀਆਂ ਵਿਚ 27% ਰਾਖਵਾਂਕਰਨ ਦੇਣ ਦੀ ਨੀਤੀ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਕੁਝ ਰਾਜਾਂ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਕਿ ਵੱਖ-ਵੱਖ ਵਰਗਾਂ ਨੂੰ ਦਿੱਤੇ ਜਾਣ ਵਾਲੇ ਰਾਖਵੇਂਕਰਨ 50% ਤੋਂ ਵੱਧ ਨਹੀਂ ਹੋਣੇ ਚਾਹੀਦੇ, ਦੀ ਵੀ ਪ੍ਰਵਾਹ ਨਾ ਕਰਦੇ ਹੋਏ ਕੁਲ ਰਾਖਵਾਂਕਰਨ 50% ਤੋਂ ਵੀ ਵੱਧ ਦਿੱਤਾ ਹੋਇਆ ਹੈ। ਜਿਸ ਦਾ ਬਿਊਰਾ ਹੇਠ ਲਿਖੇ ਅਨੁਸਾਰ ਹੈ

| | ਰਾਜ ਦਾ ਨਾਮ | ਐਸ.ਸੀ. | ਐਸ.ਟੀ. | ਓ.ਬੀ.ਸੀ. | ਆਰਥਕ ਤੌਰ ਤੇ ਪੱਛੜੇ ਵਰਗ | ਕੁਲ% |
|---|---|---|---|---|---|---|
| 1. | ਆਂਧਰਾ ਪ੍ਰਦੇਸ਼ | 15 | 6 | 29 | 10 | 60% |
| 2. | ਅਸਾਮ | 7 | 15 | 29 | 11 | 60% |
| 3. | ਬਿਹਾਰ | 15 | 1 | 34 | 10 | 60% |
| 4. | ਛਤੀਸਗੜ੍ਹ | 13 | 12 | 14 | 10 | 62% |
| 5. | ਦਿੱਲੀ | 15 | 7 | 27 | 10 | 59% |
| 6. | ਗੁਜਰਾਤ | 7 | 14 | 27 | 10 | 59% |
| 7. | ਹਰਿਆਣਾ | 20 | - | 23 | 10 | 63% |
| 8. | ਕਰਨਾਟਕਾ | 15 | 3 | 32 | - | 50% |
| 9. | ਕੇਰਲਾ | 8 | 2 | 40 | - | 50% |
| 10. | ਪਾਂਡੀਚਰੀ | 16 | - | 34 | - | 50% |
| 11. | ਤਾਮਿਲਨਾਡੂ | 18 | 1 | 50 | - | 69% |
| 12. | ਤੇਲੰਗਾਨਾ | 15 | 6 | 29 | - | 60% |
| **13.** | **ਪੰਜਾਬ** | **29** | **-** | **12** | **-** | **41%** |

ਵਿੱਦਿਅਕ ਅਦਾਰਿਆਂ, ਨੌਕਰੀਆਂ, ਪਦਉੱਨਤੀਆਂ ਵਿਚ 27% ਦਾ ਰਾਖਵਾਂਕਰਨ ਪੱਛੜੀਆਂ ਸ਼੍ਰੇਣੀਆਂ ਦਾ ਸੰਵਿਧਾਨ ਹੱਕ ਹੈ। ਇਸ ਤੋਂ ਇਲਾਵਾ ਪੰਜਾਬ ਰਾਜ ਦੀ ਕੁੱਲ ਵਸੋਂ ਦਾ ਤਕਰੀਬਨ 42% ਹਿੱਸਾ ਪੱਛੜੀਆਂ ਸ਼੍ਰੇਣੀਆਂ ਦਾ ਹੋਣ ਕਾਰਨ ਹੋਰ ਹਰ ਤਰ੍ਹਾਂ ਦੀਆਂ ਲੋਕਤੰਤਰੀ ਨੁਮਾਇੰਦਗੀ ਵਾਲੀਆਂ ਸੰਸਥਾਵਾਂ, ਪੰਚਾਇਤਾਂ ਤੋਂ ਲੈ ਕੇ ਪਾਰਲੀਮੈਂਟ ਤੱਕ ਹਰ ਪੱਧਰ 'ਤੇ ਇਨ੍ਹਾਂ ਬਰਾਦਰੀਆਂ ਲਈ 27% ਰਾਖਵਾਂਕਰਨ ਦੇਣਾ ਬਣਦਾ ਹੈ। ਜੇਕਰ ਪੰਜਾਬ ਵਿਚ 39% ਅਨੁਸੂਚਿਤ ਜਾਤੀਆਂ ਦੀ ਗਿਣਤੀ 32% ਹੋਣ ਕਾਰਨ ਅਜਿਹੀਆਂ ਸੰਸਥਾਵਾਂ ਵਿਚ ਉਨ੍ਹਾਂ ਲਈ ਹਰੇਕ ਪੱਧਰ 'ਤੇ ਨੁਮਾਇੰਦਗੀ ਰਾਖਵੀਂ ਹੈ ਅਤੇ ਪੰਜਾਬ ਵਿਧਾਨ ਸਭਾ ਵਿਚ ਉਨ੍ਹਾਂ ਲਈ 35 ਅਤੇ ਭਾਰਤੀ ਸੰਸਦ ਵਿਚ 4 ਸੀਟਾਂ ਰਿਜ਼ਰਵ ਹਨ ਤਾਂ ਹੋਰ ਪੱਛੜੀਆਂ ਸ਼੍ਰੇਣੀਆਂ ਦੀਆਂ 42% ਅਬਾਦੀ ਵਾਲੀਆਂ 70 ਬਰਾਦਰੀਆਂ ਨੂੰ 27% ਰਾਖਵਾਂਕਰਨ ਦਾ ਸੰਵਿਧਾਨਿਕ ਹੱਕ ਕਿਉਂ ਨਹੀਂ ਦਿੱਤਾ ਜਾ ਰਿਹਾ।

**ਪੰਜਾਬ ਦੀ ਸਥਿਤੀ** - ਹੈਰਾਨੀ ਵਾਲੀ ਗੱਲ ਹੈ ਕਿ ਦੇਸ਼ ਦੇ ਜ਼ਿਆਦਾ ਸੂਬਿਆਂ ਨੇ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਤੋਂ ਵੀ ਵੱਧ ਰਾਖਵਾਂਕਰਨ ਦਿੱਤਾ ਹੋਇਆ ਹੈ। ਜਦੋਂ ਕਿ ਪੰਜਾਬ ਰਾਜ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਗਿਣਤੀ 42% ਤੋਂ ਵੱਧ ਹੋਣ ਦੇ ਬਾਵਜੂਦ ਵੀ ਵਿਦਿਆ ਲਈ ਰਾਖਵਾਂਕਰਨ 12% ਅਤੇ ਨੌਕਰੀਆਂ ਲਈ ਸਿਰਫ਼ 5% ਹੀ ਰਾਖਵਾਂਕਰਨ ਦਿੱਤਾ ਹੋਇਆ ਹੈ। ਜੋ ਕਿ ਸਰਾਸਰ ਬੇਇਨਸਾਫ਼ੀ ਹੈ। ਪੰਜਾਬ ਸਰਕਾਰ ਦੀ ਆਪਣੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਤਕਰੀਬਨ 70 ਜਾਤੀਆਂ ਸ਼ਾਮਲ ਹਨ ਜਿਨ੍ਹਾਂ ਦੀ ਪੰਜਾਬ ਦੀ ਕੁਲ ਵਸੋਂ ਵਿਚ 42% ਦੀ ਗਿਣਤੀ ਹੈ। ਪ੍ਰੰਤੂ ਦੇਸ਼ ਦੇ ਸੰਵਿਧਾਨ ਵੱਲੋਂ ਅਤੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਵੀ ਪੰਜਾਬ ਰਾਜ ਵਿਚ ਇਸ ਨੂੰ ਲਾਗੂ ਨਾਂ ਕਰਨਾ ਸਰਾਸਰ ਧੱਕਾ ਹੈ। ਜੇਕਰ ਪੰਜਾਬ ਦੀਆਂ ਵੱਖ-ਵੱਖ ਸਮੇਂ ਤੇ ਰਹੀਆਂ ਸਰਕਾਰਾਂ ਨੇ ਇਸ ਪਾਸੇ ਧਿਆਨ ਦਿੱਤਾ ਹੁੰਦਾ ਤਾਂ ਵਿਦਿਆ ਅਤੇ ਨੌਕਰੀਆਂ ਦੇ ਖੇਤਰ ਵਿਚ ਅੱਜ ਪੱਛੜੀਆਂ ਸ਼੍ਰੇਣੀਆਂ ਦੀ ਸਥਿਤੀ ਕਾਫੀ ਚੰਗੀ ਹੁੰਦੀ। ਇਸ ਸਭ ਦਾ ਮੁੱਖ ਕਾਰਨ ਪੰਜਾਬ ਸੂਚੀ ਵਿਚ ਸ਼ਾਮਲ 70 ਵੱਖ-ਵੱਖ ਜਾਤੀ ਦੇ ਬਹੁਗਿਣਤੀ ਲੋਕਾਂ ਦਾ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਾਂ ਹੋਣਾ ਹੀ ਹੈ।

ਅੱਜ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਬਹੁਗਿਣਤੀ ਵਸੋਂ ਵਿਚ ਵਸੋਂ ਦਾ ਸਿਰਫ਼ 15% ਤੋਂ 16% ਹੀ ਸਵਰਨ ਜਾਤੀਆਂ ਜਾਂ ਇਹਨਾਂ ਤੋਂ ਬਿਨਾਂ ਹੋਰ ਜਾਤੀਆਂ ਦੇ ਲੋਕ ਹਨ। ਜਿਨ੍ਹਾਂ ਨੇ ਬਾਕੀ ਸਾਰੀਆਂ ਜਾਤੀਆਂ ਦੇ ਹੱਕ ਦਬਾ ਕੇ ਰੱਖੇ ਹੋਏ ਹਨ ਕਿਉਂਕਿ ਇਹ ਘੱਟ ਗਿਣਤੀ ਹੀ ਪੰਜਾਬ ਵਿਚ ਨੀਤੀ ਘਾੜਾ ਵਰਗ ਬਣਦਾ ਹੈ। ਜਿਸ ਨੂੰ ਕਿ ਬਹੁਗਿਣਤੀ ਲੋਕ ਆਪਣੀ ਤਾਕਤ ਨੂੰ ਨਾ ਪਛਾਣਦੇ ਹੋਏ, ਲਾਮਬੰਦ ਨਾ ਹੋ ਕੇ ਖੁਦ ਸਿਰ ਤੇ ਬੈਠਣ ਦਾ ਮੌਕਾ ਦਿੰਦੇ ਹਨ। ਪੰਜਾਬ ਵਿਚ ਮੌਜੂਦਾ ਵਿਧਾਨ ਸਭਾ ਜਿਸ ਦਾ ਕਾਰਜਕਾਲ ਖਤਮ ਹੋਣ ਜਾ ਰਿਹਾ ਹੈ, ਉਸ ਵਿਚ ਜਾਤੀਆਂ ਦੇ ਅਧਾਰ ਅਤੇ ਵਸੋਂ ਦੀ ਪ੍ਰਤੀਸ਼ਤਤਾ ਅਨੁਸਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ ਜੋ ਆਪਣੇ ਆਪ ਵਿਚ ਮੇਰੇ ਇਸ ਕਥਨ ਨੂੰ ਸੱਚਾਈ ਦਾ ਪਹਿਰਾਵਾ ਪਹਿਨਾਉਂਦੀ ਹੈ।

| **ਜਾਤੀ** | **ਵਸੋਂ ਦਾ ਕੁੱਲ ਹਿੱਸਾ** | **ਵਿਧਾਨ ਸਭਾ ਵਿਚ ਪ੍ਰਾਪਤ ਸੀਟਾਂ ਦਾ ਵੇਰਵਾ** |
|---|---|---|
| ਜੱਟ ਸਿੱਖ | 15% | 51 |
| ਅਨੁਸੂਚਿਤ ਜਾਤੀ | 32% | 35 (ਜੋ ਕਿ ਸੰਵਿਧਾਨਿਕ ਤੌਰ 'ਤੇ ਉਨ੍ਹਾਂ ਲਈ ਰਿਜ਼ਰਵ ਹਨ।) |
| ਬਾਕੀ ਸਵਰਨ ਜਾਤੀਆਂ | 10.42% | 19 |
| ਮੁਸਲਿਮ | 0.60% | 1 |
| **ਪਛੜੀਆਂ ਸ਼੍ਰੇਣੀਆਂ** | **42%** | **11** |

ਮੌਜੂਦਾ ਵਿਧਾਨ ਸਭਾ ਵਿਚ ਪਛੜੀਆਂ ਸ਼੍ਰੇਣੀਆਂ ਦੇ ਕੁਲ 11 ਐਮ.ਐਲ.ਏ. ਹਨ ਜੋ ਕਿ ਬਰਾਦਰੀਆਂ ਅਨੁਸਾਰ ਇਸ ਤਰ੍ਹਾਂ ਹਨ। ਰਾਮਗੜ੍ਹੀਆ-3, ਕੰਬੋਜ-3, ਸੈਣੀ-1, ਗੁੱਜਰ-2, ਚਾਂਗ-1 ਤੇ ਲੁਬਾਣਾ-1 ਹਨ। ਪੰਜਾਬ ਦੀ ਕੁਲ ਵਸੋਂ 42% ਅਤੇ ਐਮ.ਐਲ.ਏ. ਸਿਰਫ਼ 9.75%। ਕੋਈ ਵੀ ਸਿਆਸੀ ਜਮਾਤ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਨੂੰ ਤਿਆਰ ਨਹੀਂ। ਉਹ ਉਦੋਂ ਤੱਕ ਤਿਆਰ ਵੀ ਨਹੀਂ ਹੋਣਗੇ ਜਦੋਂ ਤੱਕ ਇਹ 70 ਜਾਤੀਆਂ ਦੇ ਲੋਕ ਲਾਮਬੰਦ ਹੋ ਕੇ ਸਰਕਾਰਾਂ ਤੇ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਇਨ ਬਿਨ ਲਾਗੂ ਕਰਨ ਲਈ ਲੋਕ ਲਹਿਰ ਖੜ੍ਹੀ ਕਰਕੇ ਦਬਾਅ ਨਹੀਂ ਬਣਾਉਂਦੇ। ਪੰਜਾਬ ਵਿਚ ਵਿਦਿਅਕ ਸੰਸਥਾਵਾਂ ਅਤੇ ਨੌਕਰੀਆਂ ਸਮੇਤ ਪੱਦ ਉੱਨਤੀਆਂ ਲਈ 27% ਰਾਖਵਾਂਕਰਨ ਲਾਗੂ ਕਰਵਾਉਣਾ ਹੀ ਇਹਨਾਂ ਜਾਤੀਆਂ ਨੂੰ ਸਾਰੀ ਸਮੱਸਿਆਵਾਂ ਤੋਂ ਨਿਜਾਤ ਦਿਵਾ ਸਕਦੀਆਂ ਹਨ।

**(ਚਲਦਾ)**

## ਬੇਨਤੀ

**'ਲੁਬਾਣਾ ਸੇਵਕ' ਮੈਗਜ਼ੀਨ ਪੜ੍ਹਨ ਵਾਲੇ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਮੈਗਜ਼ੀਨ ਪੜ੍ਹ ਕੇ ਇਸ ਵਿਚ ਛਪੇ ਮੈਟਰ ਬਾਰੇ ਆਪਣੇ ਸੁਝਾਅ ਦਿਉ। ਧੰਨਵਾਦ।**

**-ਸੰਪਾਦਕ**

# ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ

**ਵਰਿਆਮ ਸਿੰਘ ਪੀ.ਈ.ਐਸ.** (1)
**ਪ੍ਰਿੰਸੀਪਲ** (ਰਿਟਾ.)

ਪੰਜਾਬ ਗੌਰਮਿੰਟ ਦੇ ਆਰਡਰਾਂ ਅਨੁਸਾਰ ਮੈਂ 18-05-1963 ਨੂੰ ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਵਿਖੇ ਪਹੁੰਚ ਗਿਆ। ਇਹ ਰਾਜ ਦਾ ਸਭ ਤੋਂ ਪਹਿਲਾ ਖੁਲ੍ਹਿਆ ਇੰਜੀਨੀਅਰਿੰਗ ਕਾਲਜ ਹੈ। ਸੁੰਦਰ ਸ਼ਹਿਰ ਚੰਡੀਗੜ੍ਹ ਦੇ ਸੈਕਟਰ 12 ਦਾ ਬਹੁਤਾ ਹਿੱਸਾ ਇਸ ਕਾਲਜ ਨੇ ਮੱਲਿਆ ਹੋਇਆ ਹੈ। ਸੁੰਦਰ ਅਤੇ ਵਿਸ਼ਾਲ ਬਿਲਡਿੰਗ ਹੈ। ਦੱਸਦੇ ਹਨ ਕਿ ਸ਼ੁਰੂ 'ਚ ਜਦੋਂ ਅਜੇ ਪੰਜਾਬ ਵਿਧਾਨ ਸਭਾ ਦਾ ਭਵਨ ਬਣ ਕੇ ਤਿਆਰ ਨਹੀਂ ਸੀ ਹੋਇਆ, ਵਿਧਾਨ ਸਭਾ ਦੇ ਇਜਲਾਸ ਏਸੇ ਕਾਲਜ ਦੇ ਆਡੋਟੋਰੀਅਮ ਵਿੱਚ ਹੀ ਹੋਇਆ ਕਰਦੇ ਸਨ। ਪੰਜਾਬ ਦੇ ਬੀ.ਐਂਡ. ਆਰ. ਵਿਭਾਗ ਦੇ ਇਕ ਚੀਫ ਇੰਜੀਨੀਅਰ ਜੋ ਮੁੱਖ ਮੰਤਰੀ ਦਾ ਟੈਲੀਫੋਨ ਖੜ੍ਹੇ ਹੋ ਕੇ ਸੁਣਨ ਦੇ ਆਦੀ ਸਨ, ਉਸ ਵੇਲੇ ਕਾਲਜ ਦੇ ਪ੍ਰਿੰਸੀਪਲ ਸਨ। ਕਾਲਜ ਵਿੱਚ ਪੰਜ ਇੰਜੀਨੀਅਰਿੰਗ ਬਰਾਂਚਾਂ ਦੇ ਨਾਲ ਅਪਲਾਈਡ ਸਾਇੰਸ ਦਾ ਇਕ ਵੱਖਰਾ ਵਿਭਾਗ ਹੈ। ਕਾਲਜ ਕੈਂਪਸ ਵਿਖੇ ਇਕ ਪੁਰਾਣਾ ਰੇਲਵੇ ਇੰਜਣ ਅਤੇ ਇੱਕ ਹਵਾਈ ਜਹਾਜ਼ ਵੀ ਖੜ੍ਹਾ ਕੀਤਾ ਹੋਇਆ ਹੈ। ਕਾਲਜ ਵਿੱਚ ਪੰਜ ਹੋਸਟਲ ਸਨ ਜਿਨ੍ਹਾਂ ਦੇ ਨਾਂ ਹਿਮਾਲਿਆ, ਸ਼ਿਵਾਲਿਕ, ਵਿੰਧੀਆ ਆਦਿ ਪਹਾੜਾਂ ਅਤੇ ਧਾਰਮਿਕ ਸਥਾਨਾਂ ਦੇ ਨਾਵਾਂ 'ਤੇ ਰੱਖੇ ਗਏ ਸਨ।

ਸਾਲ 1963 ਤੋਂ ਕਾਲਜ ਵਿੱਚ ਇਕ ਨਵਾਂ ਕੋਰਸ ਪ੍ਰੋਡਕਸ਼ਨ ਇੰਜੀਨੀਅਰਿੰਗ ਸ਼ੁਰੂ ਕੀਤਾ ਗਿਆ ਸੀ। ਮੇਰੀ ਆਸਾਮੀ ਵੀ ਏਸੇ ਕੋਰਸ ਕਰਕੇ ਭਰੀ ਗਈ ਸੀ। ਇਸ ਲਈ ਇਕ ਨਵਾਂ ਹੋਸਟਲ 26 ਸੈਕਟਰ ਵਿੱਚ ਬਣਾਇਆ ਗਿਆ ਸੀ। ਜਿਸ ਦੇ ਵਾਰਡਨ ਦੀ ਜ਼ਿੰਮੇਵਾਰੀ ਵੀ ਮੈਨੂੰ ਸੌਂਪੀ ਗਈ ਸੀ। ਅਸੀਂ ਇਸ ਹੋਸਟਲ ਦਾ ਨਾਂ ਨੀਲਗਿਰੀ ਰੱਖਿਆ। ਹੋਸਟਲ ਅਤੇ ਮੈੱਸ ਲਈ ਸਟਾਫ ਵੀ ਭਰਤੀ ਕੀਤਾ ਗਿਆ। ਹੋਸਟਲ ਵਾਰਡਨ ਦੀ ਸੇਵਾ ਲਈ ਸਰਕਾਰੀ ਅਲਾਟ ਹੋਣ ਵਾਲਾ ਘਰ ਕਰਾਇਆ ਰਹਿਤ ਹੋਣਾ ਸੀ।

**ਪੁਰਾਣੇ ਸਹਿਪਾਠੀ** : ਇਸ ਕਾਲਜ ਵਿੱਚ ਮੈਨੂੰ ਆਪਣੇ ਤਿੰਨ ਪੁਰਾਣੇ ਸਹਿਪਾਠੀ ਵੀ ਮਿਲੇ ਜਿਨ੍ਹਾਂ ਵਿੱਚੋਂ ਪ੍ਰੋ. ਜਗਦੇਵ ਸਿੰਘ ਬਾਜਵਾ ਜੋ ਮਾਹਿਲਪੁਰ ਕਾਲਜ ਵਿਚ ਮੇਰੇ ਕਲਾਸ ਫੈਲੋ ਸਨ, ਪ੍ਰੋ. ਬਲਬੀਰ ਸਿੰਘ ਜੋ ਲੁਧਿਆਣਾ ਗੌਰਮਿੰਟ ਕਾਲਜ ਦੇ ਰਾਮਬਾਗ ਹੋਸਟਲ ਵਿਚ ਮੇਰੇ ਨਾਲ ਦੇ ਕਮਰੇ ਵਿੱਚ ਰਹਿੰਦੇ ਸਨ ਅਤੇ ਇੰਜ. ਹਰਬੰਸ ਸਿੰਘ ਬੈਂਸ ਜੋ ਮਾਹਿਲਪੁਰ ਕਾਲਜ ਵਿਚ ਮੇਰੇ ਜੂਨੀਅਰ ਸਨ ਸ਼ਾਮਿਲ ਸਨ।

ਇਨ੍ਹਾਂ ਨੂੰ ਮਿਲ ਕੇ ਬੜੀ ਖੁਸ਼ੀ ਹੋਈ ਅਤੇ ਹੌਂਸਲਾ ਹੋਇਆ। ਇਨ੍ਹਾਂ ਤੋਂ ਇਲਾਵਾ ਡਾ. ਗੁਰਦੇਵ ਸਿੰਘ ਗੋਸਲ ਜੋ ਪੰਜਾਬ ਯੂਨੀਵਰਸਿਟੀ ਵਿੱਚ ਭੂਗੋਲ ਵਿਭਾਗ ਦੇ ਮੁਖੀ ਸਨ ਅਤੇ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਸਾਡਾ ਇੱਕੋ ਟਟੋਰੀਅਲ ਗਰੁੱਪ ਸੀ ਅਤੇ ਲੁਧਿਆਣਾ ਕਾਲਜ ਦੇ ਰਾਮ ਬਾਗ ਹੋਸਟਲ ਵਿਚ ਮੇਰੇ ਨਾਲ ਰਹਿੰਦੇ ਸਨ, ਅਕਸਰ ਮਿਲਿਆ ਕਰਦੇ ਸਨ।

ਕਾਲਜ ਵਿੱਚ ਜਾਇਨ ਕਰਨ ਤੋਂ ਬਾਅਦ ਸਭ ਤੋਂ ਪਹਿਲਾਂ ਆਪਣੇ ਇਕ ਪੁਰਾਣੇ ਸਾਥੀ ਪ੍ਰੀਤਮ ਸਿੰਘ ਮੁਲਤਾਨੀ ਨੂੰ ਮਿਲਿਆ ਜੋ ਪੰਜਾਬ ਸਿਵਲ ਸੈਕਟਰੀਏਟ ਵਿੱਚ ਕਿਸੇ ਵਿਭਾਗ ਦੇ ਸੁਪਰਡੈਂਟ ਵਜੋਂ ਸੇਵਾ ਨਿਭਾਅ ਰਹੇ ਸਨ ਅਤੇ ਬਾਅਦ ਵਿੱਚ ਬਤੌਰ ਅੰਡਰ ਸੈਕਟਰੀ ਸੇਵਾ ਮੁਕਤ ਹੋਏ। ਉਹ ਸੈਕਟਰ 23 ਵਿਖੇ ਗੌਰਮਿੰਟ ਹਾਊਸ ਵਿਚ ਰਹਿੰਦੇ ਸਨ। ਮੈਂ ਤੇ ਮੁਲਤਾਨੀ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਇਕੋ ਵਕਤ ਪੜ੍ਹਦੇ ਸਾਂ ਅਤੇ ਉਹ ਮੇਰੇ ਤੋਂ ਕਾਫੀ ਸੀਨੀਅਰ ਸਨ। ਉਨ੍ਹਾਂ ਹਾਲ ਦੀ ਘੜੀ ਆਪਣੇ ਇੱਕ ਰਿਸ਼ਤੇਦਾਰ ਦਾ ਸੈਕਟਰ 22 ਬੀ ਦੇ ਨੰ: 1204 ਘਰ ਦੀ ਦੂਜੀ ਮੰਜ਼ਿਲ ਦਾ ਪੂਰਾ ਸੈੱਟ ਕਰਾਏ ਤੇ ਲੈ ਦਿੱਤਾ। ਵਾਰੀ ਸਿਰ ਅਲਾਟ ਹੋਣ ਵਾਲੇ ਸਰਕਾਰੀ ਘਰ ਲਈ ਵੀ ਅਰਜ਼ੀ ਪਾ ਦਿੱਤੀ। ਪਰਿਵਾਰ ਚੰਡੀਗੜ੍ਹ ਪਹੁੰਚ ਗਿਆ ਅਤੇ ਬੱਚੇ ਥਾਉਂ ਥਾਈਂ ਸਕੂਲਾਂ ਵਿੱਚ ਦਾਖਲ ਹੋ ਗਏ।

ਸੈਕਟਰ 22 ਦੀ ਪ੍ਰਸਿੱਧ ਮਾਰਕੀਟ ਵੀ ਘਰ ਲਾਗੇ ਹੀ ਸੀ ਜਿਥੇ ਬੱਚੇ ਸ਼ਾਮ ਨੂੰ ਗੇੜਾ ਲਾ ਲੈਂਦੇ ਸਨ। ਚੰਡੀਗੜ੍ਹ ਹੌਲੀ-ਹੌਲੀ ਉਸਰ ਰਿਹਾ ਸੀ। ਇਸ ਘਰ ਦੇ ਸਾਹਮਣੇ ਵੱਡੀਆਂ-ਵੱਡੀਆਂ ਬਿਲਡਿੰਗਾਂ ਅਤੇ ਸ਼ੋ-ਰੂਮ ਅਜੇ ਨਹੀਂ ਸਨ ਬਣੇ। ਇਥੇ ਅੰਬਾਂ ਦੇ ਬਿਰਧ ਰੁੱਖ ਸਨ ਜਿਨ੍ਹਾਂ ਨਾਲ ਰੁੱਤ ਵੇਲੇ ਲੱਗੀਆਂ ਅੰਬੀਆਂ ਨਜ਼ਰ ਆਉਂਦੀਆਂ ਸਨ ਜਿਨ੍ਹਾਂ ਕਰਕੇ ਪਹਿਲਾਂ ਇਹ ਇਲਾਕਾ ਮਸ਼ਹੂਰ ਸੀ। ਚੰਡੀਗੜ੍ਹ ਦੇ ਸੈਕਟਰ 17 ਦੇ ਵੱਡੇ ਬੱਸ ਅੱਡੇ ਤੋਂ ਨਿਕਲਦੀਆਂ ਅਤੇ ਆਉਂਦੀਆਂ ਬੱਸਾਂ ਵੀ ਇਸ ਘਰ ਤੋਂ ਵਿਖਾਈ ਦੇਂਦੀਆਂ ਸਨ। ਬਾਹਰੋਂ ਆਉਣ ਵਾਲਿਆਂ ਲਈ ਘਰ ਲੱਭਣਾ ਬੜਾ ਆਸਾਨ ਸੀ। ਕੋਈ ਰਿਕਸ਼ਾ ਵੀ ਨਹੀਂ ਸੀ ਕਰਵਾਉਣਾ ਪੈਂਦਾ। ਚੰਡੀਗੜ੍ਹ ਵਿਖੇ ਹਰ ਰੋਜ਼ ਸ਼ਾਮ ਨੂੰ ਪੂਰਬ ਤੋਂ ਪੱਛਮ ਵੱਲ ਨੂੰ ਜ਼ੋਰ ਜ਼ੋਰ ਦੀ ਹਵਾ ਚਲਦੀ ਸੀ। ਜਿਸ ਕਰਕੇ ਮੇਰਾ ਸ਼ਾਮ ਨੂੰ ਸੈਕਟਰ 26 ਦੇ ਨੀਲਗਿਰੀ ਹੋਸਟਲ ਸਾਈਕਲ ਤੇ ਜਾਣਾ ਔਖਾ ਲੱਗਦਾ ਸੀ। ਚੰਡੀਗੜ੍ਹ ਵਿਖੇ ਯਾਤਰੀਆਂ ਦੇ ਵੇਖਣਯੋਗ ਸਥਾਨਾਂ ਵਿੱਚ ਪੰਜਾਬ ਸਿਵਲ ਸਕੱਤਰੇਤ, ਹਾਈ ਕੋਰਟ, ਵਿਧਾਨ ਸਭਾ ਭਵਨ, ਸੁਖਨਾ ਲੇਕ, ਰਾਕ ਗਾਰਡਨ, ਰੋਜ਼ ਗਾਰਡਨ, ਸੈਕਟਰ 10 ਦਾ ਅਜੈਬ ਘਰ, ਪੰਜਾਬ ਯੂਨੀਵਰਸਿਟੀ ਅਤੇ ਪੀ.ਜੀ.ਆਈ. ਆਦਿ ਸ਼ਾਮਿਲ ਹਨ। ਬੱਚਿਆਂ ਨੇ ਹੌਲੀ-ਹੌਲੀ ਇਨ੍ਹਾਂ ਸਾਰੇ ਸਥਾਨਾਂ ਦੀ ਯਾਤਰਾ ਕਰ ਲਈ। 1965 ਦੇ ਭ ਾਰਤ ਪਾਕਿ ਜੰਗ ਦੌਰਾਨ ਬਲੈਕ ਆਊਟ ਅਤੇ ਹਵਾਈ ਹਮਲੇ ਦੇ ਖਤਰੇ ਦੇ ਸਾਇਰਨ ਦਾ ਨਵਾਂ ਅਨੁਭਵ ਵੀ 22 ਸੈਕਟਰ ਦੇ ਏਸੇ ਘਰ ਵਿੱਚ ਝੱਲਣਾ ਪਿਆ। ਭਲੇ ਨੂੰ ਇਹ 6 ਸਤੰਬਰ ਤੋਂ 22 ਸਤੰਬਰ ਤੱਕ 17 ਦਿਨ ਦੀ ਜੰਗ ਛੇਤੀ ਬੰਦ ਹੋ ਗਈ ਸੀ। ਲਗਭਗ ਇਕ ਸਾਲ ਦੀ ਉਡੀਕ ਮਗਰੋਂ ਸਰਕਾਰੀ ਘਰ ਸੈਕਟਰ 11 ਵਿੱਚ 576 ਨੰ ਅਲਾਟ ਹੋ ਗਿਆ। ਇਹ ਇਕ ਤਿੰਨ ਮੰਜ਼ਿਲਾ ਘਰ ਸੀ ਜਿਸ ਵਿੱਚ ਡਰਾਇੰਗ, ਡਾਇਨਿੰਗ, ਕਿਚਨ, ਤਿੰਨ ਬੈੱਡ ਰੂਮ, ਤੀਜੀ ਮੰਜ਼ਿਲ 'ਤੇ ਮਾਉਂਟੀ ਅਤੇ ਪਿਛਲੇ ਪਾਸੇ ਫੁੱਲ ਬੂਟੇ ਅਤੇ ਸਬਜ਼ੀਆਂ ਲਾਉਣ ਲਈ ਇਕ ਖੁੱਲ੍ਹਾ ਕੱਚਾ ਵੇਹੜਾ ਸੀ। ਏਥੋਂ ਕਾਲਜ ਬੜਾ ਨੇੜੇ ਸੀ ਅਤੇ ਦੁਪਹਿਰੇ ਲੰਚ ਵੇਲੇ ਵੀ ਘਰ ਆਇਆ ਜਾ ਸਕਦਾ ਸੀ।

**ਅਸਿਸਟੈਂਟ ਪ੍ਰੋਫੈਸਰ ਵਜੋਂ ਪ੍ਰੋਮੋਸ਼ਨ** : ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸੱਦੇ ਤੇ ਮੈਂ ਇਕ ਵਾਰੀ ਫਿਰ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਦੇ ਅਪਲਾਈਡ ਸਾਇੰਸ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ (ਮੈਥ) ਦੀ ਆਸਾਮੀ ਲਈ ਮਈ 1965 ਵਿੱਚ ਇੰਟਰਵਿਊ ਲਈ ਗਿਆ ਅਤੇ ਫਿਰ ਸਿਲੈਕਟ ਹੋ ਗਿਆ। ਗੌਰਮਿੰਟ ਵੱਲੋਂ ਨਿਯੁਕਤੀ ਪੱਤਰ ਜਾਰੀ ਹੋਣ ਤੇ ਮਿਤੀ 07-06-1965 ਨੂੰ ਬਤੌਰ ਅਸਿਸਟੈਂਟ ਪ੍ਰੋਫੈਸਰ ਜਾਇਨ ਕਰ ਲਿਆ।

# ਔਰਤਾਂ, ਲਿੰਗ ਸਮਾਨਤਾ ਅਤੇ ਆਤਮ ਨਿਰਭਰਤਾ

**ਗੁਰਮੀਤ ਸਿੰਘ ਪਲਾਹੀ**
98158-02070



ਦੇਸ਼ ਵਿੱਚ ਅੱਧੀ ਅਬਾਦੀ ਔਰਤਾਂ ਦੀ ਹੈ। ਇਹਨਾਂ ਔਰਤਾਂ ਨੂੰ ਬਰਾਬਰ ਹੱਕ ਦੇਣ ਦਾ ਮਾਮਲਾ ਗੁੰਝਲਦਾਰ ਅਤੇ ਚੁਣੌਤੀ ਪੂਰਨ ਹੈ। ਦੇਖਿਆ ਜਾਵੇ ਤਾਂ ਇਹ ਅਧੂਰਾ ਮਾਨਵ ਅਧਿਕਾਰ ਸੰਘਰਸ਼ ਹੈ। ਔਰਤਾਂ ਨੂੰ ਆਰਥਿਕ ਪੱਖੋਂ ਆਤਮ ਨਿਰਭਰ ਬਨਾਉਣ ਲਈ ਕੀਤੀ ਹਰ ਕੋਸ਼ਿਸ਼ ਵੀ, ਜ਼ਮੀਨੀ ਪੱਧਰ ਉਤੇ ਪਰਖਿਆਂ ਫੋਕੀ-ਫੋਕੀ ਜਾਪਦੀ ਹੈ। "ਵਰਲਡ ਇਕਨੌਮਿਕ ਫੋਰਮ" ਦੀ ਤਾਜਾ ਰਿਪੋਰਟ ਕਹਿੰਦੀ ਹੈ ਕਿ ਦੁਨੀਆ ਭਰ ਵਿੱਚ ਆਰਥਿਕ ਤੌਰ ਤੇ ਮਰਦਾਂ ਦੇ ਬਰਾਬਰ ਆਉਣ ਲਈ ਉਹਨਾਂ ਨੂੰ ਸਦੀਆਂ ਲੱਗ ਜਾਣਗੀਆਂ।

**ਭਾਰਤ ਦਾ ਸਥਾਨ** - ਇਸ ਅਧਿਐਨ ਅਨੁਸਾਰ 156 ਦੇਸ਼ਾਂ ਵਿੱਚੋਂ ਭਾਰਤ ਆਰਥਿਕ ਨਾ ਬਰਾਬਰੀ ਦੇ ਮਾਮਲੇ 'ਚ 151ਵੇਂ ਥਾਂ ਹੈ। ਇੰਜ ਭਾਰਤ ਔਰਤਾਂ ਨੂੰ ਆਰਥਿਕ ਆਜ਼ਾਦੀ ਅਤੇ ਅਚੱਲ ਜਾਇਦਾਦ ਦੇਣ ਸਬੰਧੀ ਇੱਕ ਤਰ੍ਹਾਂ ਨਾਲ ਦੁਨੀਆ ਦੇ ਸਭ ਤੋਂ ਹੇਠਲੇ ਸਥਾਨ ਉੱਤੇ ਹੈ। ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੀਆਂ ਬਹੁਤੀਆਂ ਔਰਤਾਂ ਨੂੰ ਜ਼ਮੀਨ ਦਾ ਕੋਈ ਹੱਕ ਨਹੀਂ ਹੈ, ਜਦਕਿ ਕਾਨੂੰਨ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ। ਅਸਲ ਵਿੱਚ ਭਾਰਤ ਦਾ ਪੁਰਸ਼ ਪ੍ਰਧਾਨ ਸਮਾਜ ਔਰਤਾਂ ਨੂੰ ਜ਼ਮੀਨ ਕਿਸੇ ਵੀ ਹਾਲਾਤ ਵਿੱਚ ਦੇਣ ਨੂੰ ਤਿਆਰ ਨਹੀਂ ਹੁੰਦਾ ਭਾਵੇਂ ਕਿ ਕੁਝ ਹਾਲਾਤਾਂ ਵਿੱਚ ਭਾਵਨਾਤਮਕ ਤੌਰ ਤੇ ਔਰਤਾਂ ਵੀ ਆਪਣਾ ਇਹ ਹੱਕ ਛੱਡ ਦਿੰਦੀਆਂ ਹਨ। ਆਮ ਤੌਰ ਤੇ ਹੀ ਪਰਿਵਾਰ ਦੇ ਪੁਰਸ਼ਾਂ ਵਲੋਂ ਉਹਨਾਂ ਨੂੰ ਇਹ ਸਬਕ ਪੜ੍ਹਾਇਆ ਜਾਂਦਾ ਹੈ ਕਿ ਜੇਕਰ ਉਹ ਕਾਨੂੰਨੀ ਤੌਰ ਤੇ ਜ਼ਮੀਨ-ਜਾਇਦਾਦ 'ਚ ਹੱਕ ਮੰਗਣਗੀਆਂ, ਉਹਨਾਂ ਨੂੰ ਆਪਸੀ ਰਿਸ਼ਤਿਆਂ ਤੋਂ ਤੋੜ-ਵਿਛੋੜਾ ਸਹਿਣਾ ਪਵੇਗਾ।

ਭਾਰਤ ਵਿੱਚ ਖੇਤੀ ਖੇਤਰ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਇਕ ਤਿਹਾਈ ਹੈ। ਸਾਲ 2017-18 ਵਿੱਚ ਮਜ਼ਦੂਰ ਬੱਲ ਸਰਵੇ ਅਨੁਸਾਰ 73.2 ਫੀਸਦੀ ਪੇਂਡੂ ਔਰਤਾਂ ਖੇਤੀ ਕਰਦੀਆਂ ਹਨ ਪਰ ਜ਼ਮੀਨ ਸਿਰਫ 12.8 ਫੀਸਦੀ ਔਰਤਾਂ ਦੇ ਨਾਮ ਹੀ ਹੈ। ਵਿਆਹੀਆਂ ਔਰਤਾਂ ਨੂੰ ਉਹਨਾਂ ਦੇ ਜਨਮ ਦੇਣ ਵਾਲੇ ਮਾਪੇ ਉਹਨਾਂ ਉਤੇ ਇਹ ਦਬਾਅ ਬਣਾਈ ਰੱਖਦੇ ਹਨ ਕਿ ਉਹ ਆਪਣੇ ਪਿੱਤਰੀ ਹੱਕ ਨੂੰ ਛੱਡ ਦੇਣ।

**ਔਰਤਾਂ ਨਾਲ ਆਰਥਿਕ ਨਾਬਰਾਬਰੀ** - ਆਰਥਿਕ ਨਾ ਬਰਾਬਰੀ ਤੋਂ ਬਿਨ੍ਹਾਂ ਸਿੱਖਿਆ, ਸਿਹਤ ਸਹੂਲਤਾਂ ਜਿਹੀਆਂ ਬੁਨਿਆਦੀ ਸਹੂਲਤਾਂ ਔਰਤਾਂ ਨੂੰ ਪ੍ਰਦਾਨ ਕਰਨ ਸਬੰਧੀ ਭਾਰਤ ਦੇ ਹਾਲਾਤ ਦਿਨ ਪ੍ਰਤੀ ਦਿਨ ਵਿਗੜਦੇ ਜਾ ਰਹੇ ਹਨ। ਭਾਰਤ ਇਕ ਸਾਲ ਦੇ ਸਮੇਂ ਵਿੱਚ ਹੀ ਦੁਨੀਆ ਦੇ ਦੇਸ਼ਾਂ ਦੇ ਮੁਕਾਬਲੇ 28 ਥਾਂ ਥੱਲੇ ਚਲਾ ਗਿਆ ਹੈ ਅਤੇ 156 ਦੇਸ਼ਾਂ ਵਿੱਚ ਇਸ ਦਾ ਸਥਾਨ 140ਵਾਂ ਹੋ ਗਿਆ ਹੈ। ਭਾਵੇਂ ਕਿ ਦੇਸ਼ ਵਿੱਚ ਕੁਝ ਔਰਤਾਂ, ਲੜਕੀਆਂ ਚੰਗੀ ਪੜ੍ਹਾਈ ਕਰਦੀਆਂ ਹਨ। ਉੱਚ ਅਹੁਦੇ ਵੀ ਉਹਨਾਂ ਹਾਸਲ ਕੀਤੇ ਹੋਏ ਹਨ। ਪਰ ਸਮੁੱਚੇ ਤੌਰ 'ਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਲੜਕੀਆਂ ਦੀ ਗਿਣਤੀ ਪੁਰਸ਼ਾਂ ਮੁਕਾਬਲੇ ਕਾਫ਼ੀ ਘੱਟ ਦਿਸਦੀ ਹੈ। ਸਿਹਤ ਸਹੂਲਤਾਂ ਤਾਂ ਦੇਸ਼ ਵਿੱਚ ਵੈਸੇ ਹੀ ਘੱਟ ਹਨ, ਪਰ ਜਣੇਪੇ ਸਮੇਂ ਸਿਹਤ ਸਹੂਲਤ ਨਾ ਮਿਲਣਾ, ਉਹਨਾਂ ਦੀ ਜਣੇਪੇ ਉਪਰੰਤ ਦੇਖ-ਭਾਲ ਨਾ ਕਰਨਾ ਅਤੇ ਬੀਮਾਰੀ ਦੀ ਹਾਲਤ 'ਚ ਹਸਪਤਾਲਾਂ ਤੋਂ ਇਲਾਜ ਨਾ ਮਿਲਣਾ ਆਮ ਗੱਲ ਹੈ।

**ਭਾਰਤ ਤੇ ਲਿੰਗ ਸਮਾਨਤਾ** - ਲਿੰਗ ਸਮਾਨਤਾ ਦੇ ਮਾਮਲੇ 'ਚ ਵੀ ਭਾਰਤ ਦੀ ਤਸਵੀਰ ਚੰਗੀ ਨਹੀਂ ਹੈ। 2006 'ਚ ਜਾਰੀ ਰਿਪੋਰਟ ਅਨੁਸਾਰ ਭਾਰਤ ਦੀ ਥਾਂ 153 ਦੇਸ਼ਾਂ ਵਿੱਚੋਂ 98ਵੇਂ ਥਾਂ ਸੀ, ਪਰ 2020 ਵਿੱਚ ਲਿੰਗ ਸਮਾਨਤਾ 'ਚ ਇਸ ਦਾ ਸਥਾਨ 112ਵੇਂ ਨੰਬਰ ਤੇ ਲੁਟਕ ਗਿਆ। ਇਹ ਆਪਣੇ-ਆਪ ਵਿੱਚ ਇੱਕ ਵੱਡਾ ਸਵਾਲ ਇਸ ਕਰਕੇ ਵੀ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਭਰੂਣ ਹੱਤਿਆ, ਘਰਾਂ ਵਿੱਚ ਔਰਤਾਂ ਉਤੇ ਅਤਿਆਚਾਰ ਅਤੇ ਪੁੱਤਰਾਂ-ਪੁੱਤਰੀਆਂ 'ਚ ਨਾ-ਬਰਾਬਰੀ ਦਾ ਵਰਤਾਰਾ ਵੇਖਣ ਨੂੰ ਮਿਲਦਾ ਹੈ। ਔਰਤਾਂ ਦੀ ਵਿਭਚਾਰ ਲਈ ਖ਼ਰੀਦੋ-ਫ਼ਰੋਖਤ ਸਮਾਜ ਤੇ ਧੱਬਾ ਹੈ।ਸਿਆਸੀ ਖੇਤਰ ਵਿੱਚ ਔਰਤ ਮਰਦ ਦੀ ਸਮਾਨਤਾ ਮਾਮਲੇ 'ਚ ਭਾਰਤ ਨੂੰ ਲਿੰਗ ਸਮਾਨਤਾ ਸਥਾਪਤ ਕਰਨ ਲਈ ਹਾਲੇ ਇਕ ਸਦੀ ਤੋਂ ਵੱਧ ਸਮਾਂ ਲੱਗੇਗਾ।

**ਭਾਰਤ ਤੇ ਰਾਜਨੀਤਕ ਭਾਗੀਦਾਰੀ** - ਭਾਰਤ ਵਿੱਚ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ ਸਿਰਫ 14.4 ਫੀਸਦੀ ਹੈ। ਸੰਸਦ ਵਿੱਚ ਔਰਤਾਂ ਦੇ ਲਈ 33 ਫੀਸਦੀ ਰਿਜਰਵੇਸ਼ਨ ਦਾ ਬਿੱਲ ਹਾਲੀ ਤੱਕ ਵੀ ਲੰਮੇ ਸਮੇਂ ਤੋਂ ਅਟਕਿਆ ਪਿਆ ਹੈ। ਭਾਰਤੀ ਸੰਵਿਧਾਨ ਦੇ 73ਵੀਂ ਅਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ ਮਜ਼ਬੂਤ ਬਣਾਉਣ ਲਈ ਪਾਸ ਕੀਤਾ ਗਿਆ ਸੀ। ਕਾਨੂੰਨ ਅਨੁਸਾਰ ਔਰਤਾਂ ਨੂੰ ਤਾਕਤ ਦੇਣ ਲਈ ਇੱਕ ਤਿਹਾਈ ਸੀਟਾਂ ਉਤੇ ਰਿਜਰਵੇਸ਼ਨ ਦਿੱਤੀ ਗਈ। ਪਰ ਪੰਚਾਇਤਾਂ ਵਿੱਚ ਚੁਣੀਆਂ ਗਈਆਂ ਵਧੇਰੇ ਪੰਚਾਂ, ਔਰਤ-ਸਰਪੰਚਾਂ ਦੀ ਥਾਂ ਉਤੇ ਉਹਨਾਂ ਦੇ ਪ੍ਰਧਾਨ ਪਤੀ, ਪ੍ਰਧਾਨ ਪੁੱਤਰ ਜਾਂ ਪ੍ਰਧਾਨ ਦੇਵਰ ਕੰਮ ਚਲਾਉਂਦੇ ਹਨ। ਗ੍ਰਾਮ ਸਭਾ ਦੀਆਂ ਬੈਠਕਾਂ ਵਿੱਚ ਵੀ ਇਹੋ ਵਰਤਾਰਾ ਜਾਰੀ ਹੈ। ਪਰਵਾਰਿਕ, ਸਿਆਸੀ ਰਸੂਖ ਜਾਂ ਜਾਤੀ ਸਮੀਕਰਨ ਦੇ ਚਲਦਿਆਂ ਚੁਣੀਆਂ ਔਰਤਾਂ ਦੇ ਥਾਂ ਉੱਚ ਪੱਧਰੀ ਬੈਠਕਾਂ ਵਿੱਚ ਵੀ ਨੌਕਰਸ਼ਾਹੀ ਦੀ ਮਿਲੀ ਭੁਗਤ ਨਾਲ, ਉਹਨਾਂ ਦੇ ਪਤੀ, ਪੁੱਤਰ ਜਾਂ ਘਰ ਦਾ ਹੋਰ ਕੋਈ ਮੈਂਬਰ ਹੀ ਸ਼ਾਮਲ ਹੁੰਦਾ ਵੇਖਿਆ ਜਾਂਦਾ ਹੈ।

ਯੂਨੀਸੈਫ ਦੇ ਯੂ.ਪੀ. ਦੇ ਦੱਸ ਜ਼ਿਲਿਆਂ 'ਚ ਕੀਤੇ ਇੱਕ ਸਰਵੇਖਣ ਅਨੁਸਾਰ ਲਗਭਗ 90 ਫ਼ੀਸਦੀ ਔਰਤ-ਸਰਪੰਚਾਂ ਨੂੰ ਪਤਾ ਹੀ ਨਹੀਂ ਹੈ ਕਿ ਉਹਨਾਂ ਦੇ ਸੰਵਿਧਾਨਿਕ ਹੱਕ ਕਿਹੜੇ ਹਨ? ਉਂਜ ਵੀ ਮਰਦ ਪ੍ਰਧਾਨ ਸਮਾਜ ਵਿੱਚ ਖ਼ਾਸ ਕਰਕੇ ਪੇਂਡੂ ਭਾਈਚਾਰੇ 'ਚ ਸਾਂਝੇ ਕੰਮਾਂ ਤੇ ਭਾਈਚਾਰਕ

ਮਾਮਲਿਆਂ 'ਚ ਉਹਨਾਂ ਦੀ ਸ਼ਮੂਲੀਅਤ ਨਹੀਂ ਹੋਣ ਦਿੱਤੀ ਜਾ ਰਹੀ। ਮੁੱਖ ਤੌਰ 'ਤੇ ਸਾਰੇ ਕੰਮ-ਕਾਜ ਮਰਦ ਹੀ ਆਪਣੀ ਮਰਜ਼ੀ ਨਾਲ ਕਰਦੇ ਹਨ ਭਾਵੇਂ ਕਿ ਉਹ ਔਰਤਾਂ ਦੇ ਮਾਮਲਿਆਂ ਨਾਲ ਹੀ ਸਬੰਧਤ ਕਿਉਂ ਨਾ ਹੋਣ?

**ਲਿੰਗ ਅਸਮਾਨਤਾ ਵੱਡੀ ਰੁਕਾਵਟ** - ਭਾਰਤ ਵਿੱਚ ਲਿੰਗ ਅਸਮਾਨਤਾ ਨਾ ਸਿਰਫ਼ ਔਰਤਾਂ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ, ਬਲਕਿ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਵੀ ਪ੍ਰਭਾਵਤ ਕਰਦੀ ਹੈ। ਜਿਹਨਾ ਰਾਸ਼ਟਰਾਂ ਵਿੱਚ ਔਰਤ ਨੂੰ ਸਮਾਜ ਵਿੱਚ ਬਰਾਬਰ ਦਾ ਸਥਾਨ ਨਹੀਂ ਮਿਲਦਾ, ਉਸ ਮੁਲਕ ਵਿੱਚ ਪਛੜੇਵਾਂ ਪੈਰ ਪਸਾਰਦਾ ਹੈ। ਲਿੰਗ ਸਮਾਨਤਾ ਅੱਜ ਵੀ ਸਮਾਜ ਵਿੱਚ ਵੱਡੀ ਚਣੌਤੀ ਹੈ, ਔਰਤਾਂ ਦੇ ਖਿਲਾਫ਼ ਵੱਡੀ ਪੱਧਰ 'ਤੇ ਹਿੰਸਾ ਹੈ, ਭੇਦਭਾਵ ਹੈ, ਰੂੜੀਵਾਦੀ ਵਿਚਾਰਾਂ ਦਾ ਪ੍ਰਛਾਵਾ ਹੈ। ਸਿੱਖਿਆ ਅਤੇ ਸਿਹਤ ਖੇਤਰ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਦਾ ਪਛੜਿਆ ਪੱਧਰ ਹੈ। ਬਰਾਬਰ ਦਾ ਕੰਮ ਕਰਨ ਬਦਲੇ ਬਰਾਬਰ ਦੀ ਮਜ਼ਦੂਰੀ ਨਹੀਂ ਹੈ।

2017-18 ਦੇ ਆਰਥਿਕ ਸਰਵੇਖਣ 'ਚ ਇਹ ਵੇਖਿਆ ਗਿਆ ਕਿ ਪੁਰਸ਼ਾਂ ਦੇ ਪਿੰਡ ਛੱਡ ਕੇ ਸ਼ਹਿਰ ਰੁਜ਼ਗਾਰ ਦੀ ਭਾਲ 'ਚ ਜਾਣ ਨਾਲ ਖੇਤਾਂ ਵਿੱਚ ਔਰਤਾਂ ਦੀ ਸਰਦਾਰੀ ਹੋ ਗਈ, ਉਹ ਖੇਤੀ ਦਾ ਕੇਂਦਰ ਬਿੰਦੂ ਬਣੀਆਂ। ਖੇਤੀ ਖੇਤਰ ਨਾਲ ਜੁੜਕੇ ਇਹ ਔਰਤਾਂ ਆਪਣੇ ਪਰਿਵਾਰ ਦੇ ਆਰਥਿਕ ਵਿਕਾਸ 'ਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ, ਪਰ ਸਾਡਾ ਤੰਤਰ ਉਹਨਾਂ ਦੇ ਯੋਗਦਾਨ ਨੂੰ ਮਾਨਤਾ ਨਹੀਂ ਦਿੰਦਾ। ਅਸੀਂ ਇਹ ਤੱਥ ਮੰਨਣ ਤੋਂ ਇਨਕਾਰੀ ਨਹੀਂ ਹੋ ਸਕਦੇ ਕਿ ਜਿਹਨਾਂ ਔਰਤਾਂ ਕੋਲ ਜ਼ਮੀਨ ਹੈ, ਉਹਨਾਂ ਦੀ ਆਰਥਿਕ ਤੇ ਸਮਾਜਿਕ ਸੁਰੱਖਿਆ ਬੇਹਤਰ ਹੈ, ਉਵੇਂ ਹੀ ਜਿਵੇਂ ਸਦੀਆਂ ਤੋਂ ਜ਼ਮੀਨ ਜਾਇਦਾਦ ਵਾਲੇ ਪੁਰਸ਼ਾਂ ਨੂੰ ਇਹ ਸਮਾਜਿਕ ਸੁਰੱਖਿਆ ਮਿਲਦੀ ਆਈ ਹੈ। ਭਾਰਤ ਵਲੋਂ 'ਬੇਟੀ ਬਚਾਓ, ਬੇਟੀ ਪੜਾਓ', ਔਰਤਾਂ ਦੇ ਸ਼ਸ਼ਕਤੀਕਰਨ, ਮਗਨਰੇਗਾ ਤਹਿਤ ਮਜ਼ਦੂਰੀ, 'ਘੁੰਗਟ ਮੁਕਤ ਜੈਪੁਰ' ਜਿਹੇ ਬਹੁਤ ਸਾਰੇ ਪ੍ਰਾਜੈਕਟਾਂ ਦਾ ਮਕਸਦ ਲਿੰਗ ਅਸਮਾਨਤਾ ਦੂਰ ਕਰਨਾ ਹੈ ਅਤੇ ਔਰਤਾਂ ਲਈ ਤਰੱਕੀ ਦੇ ਰਾਹ ਖੋਲ੍ਹਣਾ ਹੈ। ਪਰ ਦੂਜੇ ਪਾਸੇ ਬਰਾਬਰ ਵੇਤਨ, ਉੱਦਮੀ ਬਨਣ ਲਈ ਉਤਸ਼ਾਹਿਤ ਕਰਨਾ, ਪੈਂਸ਼ਨ, ਜਾਇਦਾਦ ਸਬੰਧੀ ਕੁਝ ਇਹੋ ਜਿਹੇ ਮਾਮਲੇ ਹਨ, ਜਿਹਨਾਂ ਸਬੰਧੀ ਹਾਲੇ ਤੱਕ ਭਾਰਤ ਵਿੱਚ ਉਹ ਕੁਝ ਨਹੀਂ ਕੀਤਾ ਜਾ ਰਿਹਾ, ਜਿਸਦੀ ਜ਼ਰੂਰਤ ਹੈ, ਕਿਉਂਕਿ ਜਦੋਂ ਤੱਕ ਔਰਤਾਂ ਨੂੰ ਆਰਥਿਕ ਆਜ਼ਾਦੀ ਨਹੀਂ ਮਿਲੇਗੀ, ਉਹਨਾਂ ਵਿੱਚ ਆਤਮ ਵਿਸ਼ਵਾਸ਼ ਨਹੀਂ ਵਧੇਗਾ ਅਤੇ ਸਵੈ-ਮਾਣ ਪੈਦਾ ਨਹੀਂ ਹੋਏਗਾ। ਆਰਥਿਕ ਗਤੀਵਿਧੀਆਂ ਵਿੱਚ ਜਿੰਨੀ ਵੱਡੀ ਭਾਗੀਦਾਰੀ ਔਰਤ ਦੀ ਵਧੇਗੀ, ਦੇਸ਼ ਦੀ ਅਰਥ ਵਿਵਸਥਾ ਉਤਨੀ ਹੀ ਮਜ਼ਬੂਤ ਹੋਏਗੀ, ਕਿਉਂਕਿ ਜਦੋਂ ਔਰਤਾਂ ਨੂੰ ਹੱਕ ਦਿੱਤੇ ਜਾਂਦੇ ਹਨ ਤਾਂ ਉਸਦਾ ਲਾਭ ਸਮੁੱਚੇ ਭਾਈਚਾਰੇ ਨੂੰ ਮਿਲਦਾ ਹੈ ਜਿਸ ਵਿੱਚ ਖਾਣਾ-ਸੁਰੱਖਿਆ, ਬੱਚਿਆਂ ਦੀ ਸਿਹਤ ਅਤੇ ਸਿੱਖਿਆ ਵਿੱਚ ਨਿਵੇਸ਼ ਅਤੇ ਜ਼ਮੀਨ ਦਾ ਬੇਹਤਰ ਪ੍ਰਬੰਧਨ ਸ਼ਾਮਲ ਹੈ।

**ਲਿੰਗ ਸਮਾਨਤਾ ਦੇ ਮਾਮਲੇ 'ਚ ਭਾਰਤ ਪੱਛੜਿਆ** - ਵਿਸ਼ਵ ਬੈਂਕ ਨੇ ਮਹਿਲਾ ਕਾਰੋਬਾਰ ਅਤੇ ਕਾਨੂੰਨ 2021 ਸਬੰਧੀ ਇੱਕ ਰਿਪੋਰਟ ਜਾਰੀ ਕੀਤੀ ਹੈ। ਉਸ ਮੁਤਾਬਕ ਦੁਨੀਆ ਦੇ ਸਿਰਫ 10 ਦੇਸ਼ ਜਿਹਨਾਂ ਵਿੱਚ ਰਿਵਾਡਾਂ ਪਹਿਲਾਂ ਦੇਸ਼ ਹੈ, ਜਿਥੇ ਔਰਤਾਂ ਨੂੰ ਪੂਰੇ ਹੱਕ ਮਿਲੇ ਹੋਏ ਹਨ। ਜਦਕਿ ਭਾਰਤ ਸਮੇਤ ਸਰਵੇਖਣ 'ਚ ਸ਼ਾਮਲ 180 ਦੇਸ਼ਾਂ ਵਿੱਚ ਭਾਰਤ ਵਿੱਚ, ਪੁਰਸ਼ਾਂ-ਔਰਤਾਂ ਦੀ ਬਰਾਬਰਤਾ ਅਤੇ ਕਾਨੂੰਨੀ ਸੁਰੱਖਿਆ ਪੂਰੀ ਤਰ੍ਹਾਂ ਨਹੀਂ ਮਿਲ ਰਹੇ। ਇਸ ਸਰਵੇਖਣ ਵਿੱਚ ਭਾਰਤ 123ਵੇਂ ਥਾਂ ਹੈ।

ਬਿਨਾਂ ਸ਼ੱਕ ਇਹ ਗੱਲ ਸਮਝਣ ਵਾਲੀ ਹੈ ਕਿ ਲਿੰਗ ਸਮਾਨਤਾ ਲੋਕਾਂ ਦੀ ਮਾਨਸਿਕਤਾ ਵਿੱਚ ਬਦਲਾ ਲਿਆ ਕੇ ਹੀ ਦੂਰ ਕੀਤੀ ਜਾ ਸਕਦੀ ਹੈ। ਇਹ ਸਮਝਣ ਦੀ ਵੀ ਲੋੜ ਹੈ ਕਿ ਸਮਾਜਕ ਤਰੱਕੀ ਵਿੱਚ ਜਿੰਨਾਂ ਯੋਗਦਾਨ ਪੁਰਸ਼ਾਂ ਦਾ ਹੈ, ਉਨ੍ਹਾਂ ਹੀ ਔਰਤਾਂ ਦਾ ਹੈ। ਭਾਰਤ ਵਿੱਚ ਮੀਜੋਰਮ, ਮਿਘਾਲਿਆ ਇਹੋ ਜਿਹੇ ਸੂਬੇ ਹਨ ਜਿਹਨਾਂ ਦਾ ਸਮਾਜ, ਲਿੰਗ ਭੇਦਭਾਵ ਤੋਂ ਮੁਕਤ ਹੈ। ਉਥੇ ਔਰਤਾਂ ਨੂੰ ਬਰਾਬਰ ਦਾ ਕੰਮ ਬਿਨਾਂ ਭੇਦਭਾਵ ਦਿੱਤਾ ਜਾਂਦਾ ਹੈ। ਔਰਤਾਂ ਨੂੰ ਬਰਾਬਰ ਅਤੇ ਉਚਿੱਤ ਮੌਕੇ ਦੇਕੇ ਹੀ ਲਿੰਗ ਭੇਦਭਾਵ ਤੋਂ ਮੁਕਤ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਸੰਭਵ ਹੈ। ਪਰ ਸਾਡੇ ਦੇਸ਼ ਦੀ ਤ੍ਰਾਸਦੀ ਵੇਖੋ ਕਿ ਲਿੰਗ ਭੇਦਭਾਵ ਖਤਮ ਕਰਨ ਦੇ ਮਾਮਲੇ ਵਿੱਚ ਅਸੀਂ ਆਪਣੇ ਗੁਆਂਢੀ ਮੁਲਕਾਂ ਬੰਗਲਾ ਦੇਸ਼, ਨੇਪਾਲ, ਸ੍ਰੀ ਲੰਕਾ, ਭੂਟਾਨ ਤੋਂ ਵੀ

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਦਸੰਬਰ-ਜਨਵਰੀ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

ਦਸੰਬਰ ਮਹੀਨੇ ਮੇਨ ਆਡੀਟੋਰੀਅਮ ਦੀ ਰਿਪੇਅਰ ਦਾ ਕੰਮ ਸ਼ੁਰੂ ਕੀਤਾ ਗਿਆ ਜਿਸ ਵਿਚ 26 ਕੁਰਸੀਆਂ ਦੀ (ਪ੍ਰਦਰਸ਼ਨ) ਦਾ ਕੰਮ ਕਰਵਾਇਆ ਗਿਆ। ਜਿਸ ਵਿਚ 26 ਕੁਰਸੀਆਂ ਤੇ ਚਾਰ ਤਰ੍ਹਾਂ ਦੇ ਕੱਪੜਿਆਂ ਦੀਆਂ ਵੰਨਗੀਆਂ ਲਗਾ ਕੇ ਕੁਰਸੀਆਂ ਤਿਆਰ ਕੀਤੀਆਂ ਗਈਆਂ। ਜਿਸ ਵਿਚ ਸਵੇਡ, ਜੂਟ, ਲੈਟਰ ਤੇ ਹਲਕਾ ਸਵੇਡ ਚਾਰ ਤਰ੍ਹਾਂ ਦੇ ਕੱਪੜੇ ਵਰਤ ਕੇ ਕੁਰਸੀਆਂ ਤਿਆਰ ਕੀਤੀਆਂ। ਮੈਨੇਜਮੈਂਟ ਦੇ ਸਹਿਮਤੀ ਮਿਲਣ ਤੇ ਬਾਕੀ ਦਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ। ਕੁਰਸੀਆਂ ਤੇ ਕੱਪੜੇ ਚੜ੍ਹਾਉਣ ਤੋਂ ਪਹਿਲਾਂ ਕੁਰਸੀਆਂ ਦੇ ਬੇਸ ਪੇਂਟ ਨਾਲ ਤਿਆਰ ਕੀਤਾ ਗਿਆ।

ਜਨਵਰੀ ਮਹੀਨੇ (14-1-2022) ਨੂੰ ਕਾਨਫਰੰਸ ਹਾਲ (ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ) ਵਿਖੇ ਵਰਕਿੰਗ ਕਮੇਟੀ ਦੀ ਮੀਟਿੰਗ ਪ੍ਰਧਾਨ ਸ. ਹਰਭਜਨ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਮੈਂਬਰ ਸਾਹਿਬਾਨਾਂ ਵੱਲੋਂ ਮੀਟਿੰਗ ਵਿਚ ਹਾਜ਼ਰੀ ਭਰੀ ਗਈ। ਜਿਸ ਵਿਚ ਏਜੰਡੇ ਦੇ ਹਿਸਾਬ ਨਾਲ ਵਾਰਤਾਲਾਪ ਕਰਦੇ ਹੋਏ ਮੀਟਿੰਗ ਵਿਚ ਪਿਛਲੀ ਵਰਕਿੰਗੇ ਕਮੇਟੀ ਦੇ ਮਿਨਟਸ ਪਾਸ ਕੀਤੇ ਗਏ ਸੀ। ਡੈਂਟਲ ਕਲੀਨਿਕ ਨੂੰ ਸੰਚਾਲਿਤ ਕਰਨ ਲਈ ਕਿਹਾ ਗਿਆ ਤੇ ਨਾਲ ਹੀ ਮੇਨ ਆਡੀਟੋਰੀਅਮ ਦਾ ਕੰਮ ਨੇਪਰੇ ਚਾੜ੍ਹਨ ਲਈ ਫੰਡ ਇਕੱਠਾ ਕਰਨ ਲਈ ਬੇਨਤੀ ਕੀਤੀ ਗਈ। ਮੀਟਿੰਗ ਵਿਚ ਐਫ.ਸੀ.ਆਰ.ਏ. ਦੀ ਨਵੀਂ ਰਜਿਸਟ੍ਰੇਸ਼ਨ ਕਰਵਾਉਣ ਲਈ ਵਾਰਤਾਲਾਪ ਕੀਤਾ ਗਿਆ ਅਤੇ ਨਵੇਂ ਸੀ.ਏ. ਦੀ ਭਰਤੀ ਕਰਨ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਤਾਂ ਜੋ ਫਾਊਂਡੇਸ਼ਨ ਦੇ ਅਕਾਊਂਟਸ ਦੀ ਰਿਪੋਰਟ ਸਮੇਂ ਸਿਰ ਤਿਆਰ ਕੀਤੀ ਜਾਵੇ।

ਜਨਵਰੀ ਮਹੀਨੇ ਭਾਈ ਮਨੀ ਸਿੰਘ ਬਲਾਕ ਦੀ ਛੱਤ ਦੀ ਰਿਪੇਅਰ ਦਾ ਕੰਮ ਮੈਨੇਟੈਂਨਸ ਸਕੱਤਰ ਵੱਲੋਂ ਕਰਵਾਇਆ ਗਿਆ। ਛੱਤ ਉਪਰਲੀਆਂ ਪਾਈਪ ਖਰਾਬ ਹੋਣ ਕਾਰਨ ਕਮਰਾ ਨੰ. 19 ਤੇ ਕਮਰਾ ਨੰ. 20 ਵਿਚ ਸੈਲਾਬ ਆਉਣ ਕਾਰਨ ਕਮਰੇ ਤੇ ਬਾਥਰੂਮ ਦੀ ਸਿਲਿੰਗ ਖਰਾਬ ਹੋ ਗਈ ਜਿਸ ਕਰਕੇ ਉਪਰੋਂ ਛੱਤ ਰਿਪੇਅਰ ਕਰਵਾ ਕੇ ਜਿਸ ਵਿਚ ਸੈਨੇਟਰੀ ਦੇ ਸਾਮਾਨ ਦੀ ਵਰਤੋਂ ਕੀਤੀ ਤੇ ਛੱਤ ਦਾ ਕੰਮ ਕਰਵਾਇਆ ਗਿਆ ਤੇ ਸੈਲਾਬ ਖਤਮ ਹੋਣ ਤੇ ਕਮਰੇ ਤੇ ਬਾਥਰੂਮ ਦੀ ਸਿਲਿੰਗ ਠੀਕ ਕਰਵਾਈ ਜਾਵੇਗੀ। ਉਪਰੋਕਤ ਕੰਮ ਮੈਨਟੈਂਨਸ ਸਕੱਤਰ ਦੀ ਨਿਗਰਾਨੀ ਹੇਠ ਕਰਵਾਇਆ ਗਿਆ।

ਜਨਵਰੀ ਦੇ ਮਹੀਨੇ ਗੁਰਦਆਰਾ ਸਾਹਿਬ ਵਿਚ ਮਨਾਏ ਜਾਏ ਵਾਲੇ ਸੰਗਰਾਂਦ ਦੇ ਮਹੀਨੇ ਦਾ ਸਮਾਂ 11.30 ਸਵੇਰ ਤੋਂ 1.30 ਦੁਪਹਿਰ ਕਰ ਦਿੱਤਾ ਗਿਆ ਹੈ। ਪਿਛਲੇ ਮਹੀਨਿਆਂ ਵਿਚ ਇਹ ਸਮਾਂ 9.00 ਤੋਂ 10 ਸਵੇਰੇ ਕੀਤਾ ਗਿਆ ਸੀ, ਪਰ ਸੰਗਤ ਦੀ ਹਾਜ਼ਰੀ ਘੱਟ ਹੋਣ ਕਰਕੇ ਇਹ ਮਸਾਂ ਪੁਰਾਣਿਆਂ ਸਣਿਆਂ ਵਾਂਗ 11.30 ਤੋਂ 1.30 ਵਜੇ ਤੱਕ ਦਾ ਕਰ ਦਿੱਤਾ ਗਿਆ ਹੈ।



ਆਮਦਨ ਅਤੇ ਖਰਚ ਦਾ ਵੇਰਵਾ (01-01-2022 ਤੋਂ 31-01-2022) ਜਿਸ ਵਿਚ ਕੁਲ ਆਮਦਨ 2,01,399 ਰੁਪਏ ਤੇ ਖਰਚ 2,57,208 ਰੁਪਏ ਆਇਆ ਹੈ, ਵਿਸਥਾਰ ਪੂਰਵਕ ਰਿਪੋਰਟ ਨਾਲ ਨੱਥੀ ਕੀਤੀ ਗਈ ਹੈ।

**ਸਰਦਾਰਨੀ ਹਰਪ੍ਰੀਤ ਕੌਰ ਪੇਲੀਆ**

**ਸਕੱਤਰ**

# Income & Expenditure Statement From 01-12-2021 to 31-12-2021

| S.No. | Income | Amount (Rs.) | S.NO. | Expenditure | Amount (Rs.) |
|---|---|---|---|---|---|
| 1. | Booking | 2,34,329 | 1. | Maintenance & Repair | 40,610 |
| 2. | GST | 42,192 | 2. | Honorarium to General Staff | 1,37,950 |
| 3. | Donation | 10,400 | 3. | Printing & Stationary | 10,769 |
| 4. | Corpus Fund | 99,586 | 4. | Hospitality & Refreshment A/c | 17,750 |
| 5. | Life Membership Fees (LMF) | 4,000.00 | 5. | Religious Function (Guru Ladho Re) | 29400 |
| 6. | Lobana Sewak | 5,000.00 | 6. | Religious Function (Sangrand) | 4,176 |
| 7. | Interest in SBI Saving Acc. | 486.00 | 7. | Conveyanve Exp. | 1,500 |
| | | | 8. | Sanitary Exp. | 1,618 |
| | | | 9. | Cable Expenses | 350 |
| | | | 10. | Telephone Charges | 1,248 |
| | | | 11. | Electricity Bill Exp. | 10,569 |
| | | | 12. | Dental Exp. | 50,728.00 |
| | | | 13. | Legal Exp. | 8,000.00 |
| | | | 14. | Lobana Sewak Exp. | 1,644.00 |
| | | | 15. | Booking Refundable | 14,140 |
| | | | 16. | Insurance Exp. | 10,330 |
| | | | 17. | Water Bill Exp. | 10,989 |
| | Total | 3,95,993 | | Total | 3,51,771.00 |

# Income & Expenditure Statement From 01-01-2022 to 31-02-2022

| S.No. | Income | Amount (Rs.) | S.NO. | Expenditure | Amount (Rs.) |
|---|---|---|---|---|---|
| 1. | Booking | 90,223 | 1. | Maintenance & Repair | 25,413 |
| 2. | GST | 16,241 | 2. | Honorarium to General Staff | 1,35,487 |
| 3. | Donation | 34,900 | 3. | Postage Exp. | 44 |
| 4. | Corpus Fund | 37,785 | 4. | Hospitality & Refreshment A/c | 4,425 |
| 5. | Life Membership Fees (LMF) | 22,000.00 | 5. | Religious Function (Sangrand) | 6,120 |
| 6. | Lobana Sewak | 250.00 | 6. | Conveyanve Exp. | 1,500 |
| | | | 7. | Furniture & Fixture Exp. | 45,407 |
| | | | 8. | Cable Expenses | 350 |
| | | | 9. | Telephone Charges | 1,166 |
| | | | 10. | Electricity Bill Exp. | 19,666 |
| | | | 11. | Lobana Sewak Exp. | 5,150 |
| | | | 12. | Loan Advance to Employee | 6,000 |
| | | | 13. | Washerman Exp. | 2,030 |
| | | | 14. | Carriage & Cartage A/C | 700 |
| | | | 15. | Website Exp. | 3,750 |
| | Total | 2,01,399 | | Total | 2,57,208 |

# ਪੰਜਾਬ ਚੋਣਾਂ - 2022




ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਸਾਰੀਆਂ ਸਿਆਸੀ ਪਾਰਟੀਆਂ ਦਾ ਅੱਡੀ-ਚੋਟੀ ਦਾ ਜ਼ੋਰ ਲੱਗਾ ਹੋਇਆ ਹੈ। ਭਾਰਤੀ ਚੋਣ ਕਮਿਸ਼ਨ ਨੇ ਲੋਕ ਸਭਾ, ਵਿਧਾਨ ਸਭਾ ਚੋਣਾਂ ਲਈ ਪ੍ਰਤੀ ਉਮੀਦਵਾਰ ਖਰਚੇ ਦੀ ਹੱਦ ਲੋਕ ਸਭਾ ਲਈ 70 ਲੱਖ ਤੋਂ 95 ਲੱਖ ਅਤੇ ਰਾਜਾਂ ਦੀਆਂ ਚੋਣਾਂ ਲਈ ਹੱਦ 28 ਲੱਖ ਤੋਂ 40 ਲੱਖ ਕਰ ਦਿੱਤੀ ਹੈ। ਇਹ ਹੱਦ ਪੰਜਾਬ ਸਮੇਤ ਦੇਸ਼ 'ਚ ਹੋ ਰਹੀਆਂ ਪੰਜ ਸੂਬਿਆਂ ਦੀਆਂ ਚੋਣਾਂ ਤੇ ਲਾਗੂ ਹੋਵੇਗੀ। ਭਾਵੇਂ ਚੋਣਾਂ ਉੱਤੇ ਖਰਚੇ ਜਾਣ ਵਾਲੀ ਰਕਮ ਦੀ ਹੱਦ ਲਗਭਗ ਹਰੇਕ ਉਮੀਦਵਾਰ ਪੂਰੀ ਰੱਖਦਾ ਹੈ, ਪਰ ਅਸਲ ਮਾਅਨਿਆਂ 'ਚ ਖਰਚਾ ਉਸ ਹੱਦ ਤੋਂ ਕਿਧਰੇ ਵੱਧ ਵੇਖਣ ਨੂੰ ਮਿਲਦਾ ਹੈ।

ਹਰ ਇਕ ਪਾਰਟੀ ਜਿਵੇਂ ਕਿ ਕਾਂਗਰਸ ਸਰਕਾਰ ਆਪਣੇ ਪੰਜ ਸਾਲਾਂ ਦਾ ਵੇਰਵਾ ਦੇ ਕੇ ਕਿ ਉਸ ਨੇ ਕਿੰਨਾਂ ਵਿਕਾਸ ਕੀਤਾ ਹੈ ਆਪਣੇ ਹੱਕ ਵਿਚ ਵੋਟਰਾਂ ਨੂੰ ਵੋਟ ਦੇਣ ਲਈ ਕਹਿ ਰਹੀ ਹੈ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਰਾਸ਼ਟਰਪਤੀ ਐਵਾਰਡੀ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**


ਅਕਾਲੀ ਦਲ ਨੇ ਬਸਪਾ ਨਾਲ ਗੱਠਜੋੜ ਕਰਕੇ ਆਪਣਾ ਪ੍ਰਚਾਰ ਸ਼ੁਰੂ ਕੀਤਾ ਹੈ ਕਿ ਉਹ ਵਿਕਾਸ ਕੰਮਾਂ ਦੀ ਹਨ੍ਹੇਰੀ ਲਿਆਵੇਗੀ ਅਤੇ ਲੋਕਾਂ ਦੀਆਂ ਤਕਲੀਫਾਂ ਵਿਚ ਭਾਗੀਦਾਰ ਬਣੇਗੀ।

ਭਾਜਪਾ ਜਿਸ ਦਾ ਅਕਾਲੀ ਦਲ ਨਾਲੋਂ ਗਠਜੋੜ ਟੁੱਟਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਅਤੇ ਢੀਂਡਸਾ ਨਾਲ ਗੱਠਜੋੜ ਹੋਇਆ ਹੈ ਅਤੇ ਉਹ ਵੀ ਮੋਦੀ ਜੀ ਦੇ ਕੀਤੇ ਵਿਕਾਸ 'ਤੇ ਵੋਟਰਾਂ ਤੋਂ ਵੋਟਾਂ ਦੀ ਮੰਗ ਕਰ ਰਹੇ ਹਨ।

ਆਪ 'ਝਾੜੂ' ਜੋ ਕਿ ਇਸ ਵੇਲੇ ਕਾਫੀ ਉਤਸ਼ਾਹ ਨਾਲ ਪ੍ਰਚਾਰ ਕਰ ਰਹੀ ਹੈ ਅਤੇ ਦਿੱਲੀ ਵਿਚ ਕੀਤੇ ਕੇਜਰੀਵਾਲ ਦੇ ਵਿਕਾਸ ਕਾਰਜਾਂ ਦੀ ਤਰਜੀਹ 'ਤੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਲੋਕਾਂ ਕੋਲੋਂ ਸਹਿਯੋਗ ਮੰਗ ਰਹੀ ਹੈ, ਦਾ ਵੀ ਲੋਕਾਂ ਵਿਚ ਕਾਫੀ ਪ੍ਰਭਾਵ ਹੈ।

ਇਸ ਵੇਲੇ ਇਕ ਨਵੀਂ ਪਾਰਟੀ ਜੋ ਕਿ ਕਿਸਾਨ ਅੰਦੋਲਨ ਤੋਂ ਬਾਅਦ ਰਾਜੇਵਾਲ ਜੀ ਦੁਆਰਾ ਬਣਾਈ ਗਈ ਸੰਯੁਕਤ ਕਿਸਾਨ ਮੋਰਚਾ ਜਿਸ ਦਾ ਪਿੰਡਾਂ ਵਿਚ ਕਾਫੀ ਅਧਾਰ ਹੈ, ਉਹ ਵੀ ਕਾਫੀ ਪ੍ਰਚਾਰ ਕਰ ਰਹੀ ਹੈ।

ਗੱਲ ਕਰਦੇ ਹਾਂ ਕਿ ਰਲਾ-ਮਿਲਾ ਕੇ ਸਾਰੀਆਂ ਪਾਰਟੀਆਂ ਆਪੋ-ਆਪਣੇ ਕੀਤੇ ਕੰਮਾਂ ਲਈ ਲੋਕਾਂ ਵਿਚ ਜਾ ਕੇ ਪ੍ਰਚਾਰ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਆਪਣੇ ਹੱਕ ਵਿਚ ਵੋਟ ਪਾਉਣ ਲਈ ਕਹਿ ਰਹੀਆਂ ਹਨ। ਪਰ ਕਈ ਲੋਕਾਂ ਦਾ ਕਹਿਣਾ ਹੈ ਕਿ ਸਾਰੀਆਂ ਪਾਰਟੀਆਂ ਹੀ ਇਕੋ ਜਿਹੀਆਂ ਹਨ। ਸੱਤਾ ਵਿਚ ਆਉਣ ਤੋਂ ਬਾਅਦ ਸਾਢੇ ਚਾਰ ਸਾਲ ਉਹ ਲੋਕਾਂ ਨੂੰ ਪੁੱਛਦੀਆਂ ਨਹੀਂ ਪਰ ਰਹਿੰਦੇ ਛੇ ਮਹੀਨੇ ਲੋਕਾਂ ਵਿਚ ਜਾ-ਜਾ ਕੇ ਆਪਣੇ ਕੰਮਾਂ ਦਾ ਵੇਰਵਾ ਦਿੰਦੀਆਂ ਹਨ। ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ ਅਤੇ ਕੋਰੋਨਾ ਕਾਲ ਵਿਚ ਲੋਕਾਂ ਨੂੰ ਸਰਕਾਰ ਵੱਲੋਂ ਕੋਈ ਸਹੂਲਤ ਨਾ ਦਿੱਤੀ ਜਾਣ ਕਾਰਨ ਕਾਫੀ ਲੋਕ ਬੇਰੁਜ਼ਗਾਰ ਵੀ ਹੋਏ ਹਨ। ਇਸ ਲਈ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਉਹ ਵੋਟ ਨਹੀਂ ਪਾਉਣਗੇ।

ਮੈਂ ਇਥੇ ਦੱਸਣਾ ਚਾਹੁੰਦਾ ਹਾਂ ਕਿ ਵੋਟ ਸਾਡਾ ਜਨਮ ਸਿੱਧ ਅਧਿਕਾਰ ਹੈ। ਸਾਨੂੰ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਜਿਸ ਵੀ ਉਮੀਦਵਾਰ ਤੇ ਸਾਨੂੰ ਭਰੋਸਾ ਹੈ ਕਿ ਉਹ ਸਾਡੇ ਦੇਸ਼, ਸਮਾਜ ਅਤੇ ਮੁਹੱਲੇ ਦਾ ਵਿਕਾਸ ਕਰੇਗਾ ਅਤੇ ਸਾਡੇ ਨਾਲ ਖੜ੍ਹੇਗਾ ਸਾਨੂੰ ਉਸ ਨੂੰ ਵੋਟ ਪਾਉਣੀ ਚਾਹੀਦੀ ਹੈ ਤਾਂ ਜੋ ਸਾਡੇ ਮਨ ਵਿਚ ਕੋਈ ਗਿਲਾ ਨਾ ਰਹੇ।

ਇਸ ਲਈ ਆਓ 20 ਫਰਵਰੀ 2022 ਦੀਆਂ ਚੋਣਾਂ ਵਿਚ ਵੱਧ ਤੋਂ ਵੱਧ ਵੋਟਿੰਗ ਕਰਕੇ ਆਪਣੇ ਪਸੰਦੀਦਾ ਅਤੇ ਲੋਕਾਂ ਵਿਚ ਵਿਚਰਦੇ ਇਨਸਾਨਾਂ ਨੂੰ ਜਿਤਾ ਕੇ ਆਪਣੇ ਪੰਜਾਬ ਦਾ ਭਵਿੱਖ ਸੰਵਾਰੀਏ!

ਕਹਾਣੀ

# ਜ਼ਖ਼ਮੀ ਮਰਦ

*ਬੀ.ਐਸ.ਬੀਰ*

ਦੇਸ਼ ਦੀ ਵੰਡ ਹੋਈ ਤਾਂ ਲਾਲ ਸਿੰਘ ਆਪਣੀ ਪਤਨੀ ਗੁਰਬਖ਼ਸ਼ ਕੌਰ ਤੇ ਦੋ ਬੱਚੇ ਭੁਪਿੰਦਰ ਸਿੰਘ ਅਤੇ ਹਰਿੰਦਰ ਕੌਰ ਨਾਲ ਪੋਠੋਹਾਰ ਦਾ ਇਕ ਪਿੰਡ ਗੁਜਰੀ (ਪਾਕਿਸਤਾਨ) ਛੱਡ ਕੇ ਅੰਮ੍ਰਿਤਸਰ ਆ ਗਿਆ ਸੀ ਤੇ ਕੁਝ ਚਿਰ ਮਗਰੋਂ ਉਹ ਸਾਰੇ ਪਟਿਆਲੇ ਆ ਵਸੇ। ਲਾਲ ਸਿੰਘ ਪੋਠੋਹਾਰ ਦੇ ਜਿਸ ਪਿੰਡ ਵਿਚੋਂ ਆਇਆ ਸੀ, ਉਹ ਮੁਸਲਮਾਨਾਂ ਦੀ ਸੰਘਣੀ ਆਬਾਦੀ ਵਾਲਾ ਇਲਾਕਾ ਸੀ। ਹਿੰਦੂਆਂ ਤੇ ਸਿੱਖਾਂ ਦੇ ਛੇ ਸੱਤ ਘਰ ਸਨ ਤੇ ਬਾਕੀ ਸਭ ਮੁਸਲਮਾਨਾਂ ਦੇ। ਨੇੜੇ-ਤੇੜੇ ਦੇ ਪਿੰਡਾਂ ਵਿੱਚ ਵੀ ਮੁਸਲਮਾਨਾਂ ਦਾ ਬੋਲਬਾਲਾ ਸੀ। ਅਸਲ ਵਿਚ ਲਾਲ ਸਿੰਘ ਦੇ ਉਹ ਦੋ ਬੱਚੇ ਆਪਣੇ ਨਹੀਂ ਸਨ। ਸਗੋਂ ਉਸ ਦੇ ਮਾਮੇ ਦੇ ਮੁੰਡੇ ਜੁਗਿੰਦਰ ਸਿੰਘ ਦੇ ਸਨ। ਪਾਕਿਸਤਾਨ ਬਣਨ ਤੋਂ ਪੰਜ ਕੁ ਸਾਲ ਪਹਿਲਾਂ ਜੁਗਿੰਦਰ ਸਿੰਘ ਚਲਾਣਾ ਕਰ ਗਿਆ ਸੀ ਤੇ ਉਹ ਆਪਣੇ ਪਿੱਛੇ ਇਕ ਮੁੰਡਾ ਭੁਪਿੰਦਰ ਸਿੰਘ ਤੇ ਕੁੜੀ ਹਰਿੰਦਰ ਕੌਰ ਛੱਡ ਗਿਆ ਸੀ। ਉਸ ਦੀ ਪਤਨੀ ਗੁਰਬਖ਼ਸ਼ ਕੌਰ ਸੀ। ਵਿਧਵਾ ਹੋਣ ਸਮੇਂ ਮਸਾਂ ਬਾਈ ਤੇਈ ਸਾਲਾਂ ਦੀ ਸੀ। ਭੁਪਿੰਦਰ ਤਿੰਨ ਸਾਲ ਦਾ ਸੀ ਤੇ ਕੁੜੀ ਹਰਿੰਦਰ ਮਸਾਂ ਅੱਠ ਮਹੀਨਿਆਂ ਦੀ। ਪਤੀ ਦੀ ਮੌਤ ਸਮੇਂ ਗੁਰਬਖ਼ਸ਼ ਕੌਰ ਭਰ ਜੋਬਨ ਮੁਟਿਆਰ ਸੀ ਤੇ ਪੋਠੋਹਾਰੀ ਹੁਸਨ ਨਾਲ ਲਬੋ-ਲਬ। ਜੁਗਿੰਦਰ ਸਿੰਘ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ। ਨੂੰਹ ਦੇ ਵਿਧਵਾ ਹੋਣ 'ਤੇ ਜੁਗਿੰਦਰ ਦੇ ਮਾਤਾ-ਪਿਤਾ ਸੋਚੀ ਪੈ ਗਏ ਕਿ ਉਹ ਕੀ ਕਰਨ। ਜੇ ਨੂੰਹ ਨੂੰ ਇੰਜ ਘਰ ਬਿਠਾਉਂਦੇ ਹਨ ਤਾਂ ਪਿੰਡ ਦੇ ਮੁਸ਼ਟੰਡੇ ਮੁਸਲਮਾਨਾਂ ਦਾ ਡਰ ਲੱਗਦਾ ਸੀ। ਦੂਜੀ ਗੱਲ ਗੁਰਬਖ਼ਸ਼ ਕੌਰ ਦੇ ਜਵਾਨੀ ਦੇ ਪੈਰ ਵੀ ਥਿੜਕ ਸਕਦੇ ਸਨ। ਗੁਰਬਖ਼ਸ਼ ਦੇ ਮਾਤਾ-ਪਿਤਾ ਨੇ ਕਿਹਾ, "ਉਹ ਹਿਕ ਵਾਰੀ ਘਰੋਂ ਡੋਲੀ 'ਚ ਪਾਈ ਆਪਣੀ ਧੀਊਗੀ ਕੀਆਂ ਵਾਪਸ ਲੇਈ ਜਾ ਸਕਨੇ ਨੁ ਧੀਊਗੀ ਜਿਸ ਘਰੇ ਟੋਰਿਆ ਉਥੁ ਤੇ ਉਸ ਦੀ ਅਰਥੀ ਨਿਕਲਸੀ।"

ਗੁਰਬਖ਼ਸ਼ ਕੌਰ ਨੂੰ ਵੀ ਆਪਣੇ ਸਹੁਰੇ ਘਰ ਅੰਤਾਂ ਦਾ ਮੋਹ ਸੀ ਅਤੇ ਭੁਪਿੰਦਰ ਤੇ ਹਰਿੰਦਰ ਨਾਲ ਪੂਰੀ ਤਰ੍ਹਾਂ ਮਾਨਸਿਕ ਤੌਰ 'ਤੇ ਬੱਝੀ ਗਈ ਸੀ। ਉਸ ਨੂੰ ਆਪਣੇ ਪਤੀ ਜੁਗਿੰਦਰ ਸਿੰਘ ਨਾਲ ਅੰਤਾਂ ਦਾ ਲਗਾਵ ਸੀ। ਉਹ ਕੀ ਕਰਦੀ, ਭਰ ਜਵਾਨੀ ਵਿਚ ਹੀ ਉਸ ਦਾ ਪਤੀ ਉਸ ਨੂੰ ਵਿਧਵਾ ਕਰਕੇ ਚਲਦਾ ਬਣਿਆ ਸੀ। ਜੁਗਿੰਦਰ ਸਿੰਘ ਦੀ ਮਾਂ ਇਸੇ ਸੋਚ ਵਿਚ ਖੁਰਦੀ-ਖੁਰਦੀ ਖੁਰ ਗਈ ਤੇ ਪੁੱਤਰ ਦੀ ਮੌਤ ਤੋਂ ਛੇ ਮਹੀਨੇ ਮਗਰੋਂ ਉਹ ਵੀ ਚਲਦੀ ਬਣੀ। ਜੁਗਿੰਦਰ ਸਿੰਘ ਦੇ ਪਿਤਾ ਨੇ ਰਿਸ਼ਤੇਦਾਰਾਂ ਨਾਲ ਸਲਾਹ ਕੀਤੀ। ਭੈਣ ਨੂੰ ਘਰੇ ਬੁਲਾਇਆ। ਭੈਣ ਦਾ ਮੁੰਡਾ ਸੀ ਲਾਲ ਸਿੰਘ ਜਿਸ ਦੀ ਉਮਰ ਲਗਭਗ ਜੁਗਿੰਦਰ ਦੇ ਹਾਣ ਦੀ ਸੀ। ਉਹ ਅਜੇ ਕੁਆਰਾ ਬੈਠਾ ਸੀ। ਜੁਗਿੰਦਰ ਦੇ ਪਿਤਾ ਨੇ ਭੈਣ ਨੂੰ ਹੱਥ ਜੋੜੇ ਤੇ ਲਾਲ ਸਿੰਘ ਨੂੰ ਆਪਣਾ ਧਰਮ-ਪੁੱਤਰ ਬਣਾ ਲਿਆ ਸੀ। ਉਸ ਨੇ ਆਪਣੀ ਨੂੰਹ ਗੁਰਬਖ਼ਸ਼ ਕੌਰ ਦੇ ਅੱਗੇ ਹੱਥ ਜੋੜਦੇ ਹੋਏ ਕਿਹਾ ਸੀ। "ਪੁੱਤਰ, ਵਾਹਗੁਰੂ ਦਾ ਭਾਣਾ- ਹੁੱਸ ਨੇ ਅੱਗੇ ਕਿਸ ਨਾ ਜ਼ੋਰ- ਉਸ ਨੀ ਰਜ਼ਾ ਮੰਨੀ ਲੈ।" ਤਿੰਨ ਚਾਰ ਮਹੀਨੇ ਤਾਂ ਗੁਰਬਖ਼ਸ਼ ਕੌਰ ਨੇ ਹਠ ਕੀਤਾ ਸੀ ਤੇ ਉਸ ਨੇ ਲਾਲ ਸਿੰਘ ਨਾਲ ਚਾਦਰ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਹਾਲਾਤ, ਚੌਗਿਰਦੇ ਦੀਆਂ ਮਜਬੂਰੀਆਂ ਨੂੰ ਵੇਖਦੇ ਹੋਏ ਆਖ਼ਰ ਉਹ ਇਕ ਦਿਨ ਮੰਨ ਗਈ ਸੀ। ਵਿਆਹ ਤੋਂ ਤਿੰਨ-ਚਾਰ ਮਹੀਨੇ ਬਾਅਦ ਵੀ, ਉਸ ਨੇ ਲਾਲ ਸਿੰਘ ਨੂੰ ਸਮਾਜਿਕ ਤੌਰ 'ਤੇ ਪਤੀ ਤਾਂ ਮੰਨਿਆ ਸੀ ਪਰ ਆਪਣੇ ਸਰੀਰ ਨੂੰ ਛੂਹਣ ਨਹੀਂ ਸੀ ਦਿੱਤਾ। ਉਹ ਆਪਣੇ-ਆਪ ਨੂੰ ਜੁਗਿੰਦਰ ਸਿੰਘ ਦੀ ਅਮਾਨਤ ਸਮਝਦੀ ਸੀ। ਫਿਰ ਭਾਣਾ ਵਰਤਿਆ, ਉਸ ਦਾ ਸਹੁਰਾ ਚਲ ਵਸਿਆ। ਹੁਣ ਲਾਲ ਸਿੰਘ ਤੋਂ ਸਿਵਾਏ ਉਸ ਦਾ ਕੋਈ ਨਹੀਂ ਸੀ। ਪਰ ਉਹ ਮਾਨਸਿਕ ਰੂਪ ਵਿਚ ਅਜੇ ਵੀ ਲਾਲ ਸਿੰਘ ਦੇ ਨੇੜੇ ਲੱਗਣ ਲਈ ਤਿਆਰ ਨਹੀਂ ਸੀ।

ਸਹੁਰੇ ਦੀ ਮੌਤ ਤੋਂ ਛੇਤੀ ਹੀ ਮਗਰੋਂ ਦੇਸ਼ ਦੀ ਵੰਡ ਹੋ ਗਈ। ਗੁਰਬਖ਼ਸ਼ ਕੌਰ, ਲਾਲ ਸਿੰਘ ਤੇ ਬੱਚਿਆਂ ਨਾਲ ਅੰਮ੍ਰਿਤਸਰ ਆ ਗਈ ਸੀ। ਉਸ ਨੂੰ ਆਪਣਾ ਸਹੁਰਾ ਪਿੰਡ ਬਹੁਤ ਯਾਦ ਆਉਂਦਾ। ਸਹੁਰਾ ਘਰ ਉਸ ਨੂੰ ਭੁੱਲਣ ਵਿਚ ਨਹੀਂ ਸੀ ਆਉਂਦਾ ਤੇ ਜੁਗਿੰਦਰ ਸਿੰਘ ਨੇ ਜਿਵੇਂ ਉਸ ਦੇ ਦਿਲ ਵਿਚ ਇਸ ਜਨਮ ਲਈ ਪੱਕੀ ਥਾਂ ਬਣਾ ਲਈ ਸੀ। ਕੁਝ ਸਮੇਂ ਮਗਰੋਂ ਉਹ ਪਟਿਆਲੇ ਆ ਗਏ। ਲਾਲ ਸਿੰਘ ਨੇ ਬਹੁਤ ਟੱਕਰਾਂ ਮਾਰੀਆਂ ਪਰ ਉਸ ਨੂੰ ਕੋਈ ਨੌਕਰੀ ਨਾ ਮਿਲੀ। ਦੂਜਾ ਉਹ ਕੋਈ ਬਹੁਤਾ ਪੜ੍ਹਿਆ-ਲਿਖਿਆ ਵੀ ਨਹੀਂ ਸੀ। ਉਹ ਸਬਜ਼ੀ ਦਾ ਛਾਬਾ ਚੁੱਕ ਕੇ ਗਲੀ-ਗਲੀ ਘੁੰਮਦਾ ਤੇ ਜੋ ਦੋ-ਤਿੰਨ ਰੁਪਏ ਜੁੜਦੇ ਉਹ ਗੁਰਬਖ਼ਸ਼ ਦੀ ਤਲੀ 'ਤੇ ਰੱਖ ਦਿੰਦਾ। ਉਸ ਨੂੰ ਬੱਚਿਆਂ ਨਾਲ ਕੁੱਝ ਕੁ ਮੋਹ ਹੋ ਗਿਆ ਸੀ। ਪਟਿਆਲੇ ਆ ਕੇ ਗੁਰਬਖ਼ਸ਼ ਕੌਰ ਨੇ ਬਹੁਤ ਸੋਚਿਆ ਤੇ ਫੇਰ ਉਸ ਨੇ ਆਪਣੇ ਸਰੀਰ ਨੂੰ ਲਾਲ ਸਿੰਘ ਦੇ ਹਵਾਲੇ ਕਰ ਹੀ ਦਿੱਤਾ। ਲਾਲ ਸਿੰਘ ਨੂੰ ਚਾਅ ਚੜ੍ਹ ਗਿਆ ਤੇ ਉਹ ਭੱਜ-ਭੱਜ ਕੇ ਕੰਮ ਕਰਨ ਲੱਗਾ।

ਗੁਰਬਖ਼ਸ਼ ਨੇ ਵੇਖਿਆ ਕਿ ਘਰ ਦਾ ਗੁਜ਼ਾਰਾ ਔਖਾ ਹੋ ਰਿਹਾ ਹੈ। ਉਹ ਪੰਜ ਜਮਾਤਾਂ ਪਾਸ ਸੀ। ਗੁਰਬਾਣੀ ਤੇ ਗੁਰਮੁਖੀ ਉਸ ਨੂੰ ਆਉਂਦੀ ਸੀ। ਉਸ ਨੇ ਗੁਰਦੁਆਰੇ ਹਾਰਮੋਨੀਅਮ ਵਜਾਉਣਾ ਸਿੱਖ ਲਿਆ ਤੇ ਕੀਰਤਨ ਕਰਨ ਲੱਗੀ। ਜਦੋਂ ਉਹ ਕੀਰਤਨ ਕਰਦੀ ਤਾਂ ਭੇਟਾ ਥੋੜ੍ਹੀ ਬਹੁਤ ਆਉਣ ਲੱਗ ਪਈ ਅਤੇ ਘਰ ਦਾ ਗੁਜ਼ਾਰਾ ਕੁਝ ਠੀਕ-ਠਾਕ ਚੱਲਣ ਲੱਗਾ। ਗੁਰਬਖ਼ਸ਼ ਕੌਰ ਨੇ ਬੁੱਧੀਮਾਨੀ ਪਾਸ ਕਰ ਲਈ ਤੇ ਇਸ ਮਗਰੋਂ ਗਿਆਨੀ। ਗਿਆਨੀ ਪਾਸ ਕਰ ਮਗਰੋਂ ਉਸ ਨੇ ਕੁੜੀਆਂ ਦੇ ਖ਼ਾਲਸਾ ਹਾਈ ਸਕੂਲ ਵਿਚ ਪੰਜਾਬੀ ਟੀਚਰ ਦੀ ਨੌਕਰੀ ਲੈ ਲਈ। ਲਾਲ ਸਿੰਘ ਸਬਜ਼ੀ ਦੇ ਛਾਬੇ ਤੋਂ ਅੱਗੇ ਨਾ ਵਧ ਸਕਿਆ। ਆੜ੍ਹਤੀ ਉਸ ਨੂੰ ਰਾਹ ਨਹੀਂ ਦਿੰਦੇ ਤੇ ਕੁਝ ਉਹ ਸੁਭਾਅ ਦਾ ਵੀ ਸਿੱਧਾ-ਪੱਧਰਾ ਸੀ। ਬਿਜ਼ਨੈੱਸ ਦੇ ਤੌਰ-ਤਰੀਕੇ ਉਸ ਨੂੰ ਘੱਟ ਹੀ ਆਉਂਦੇ ਸਨ।

ਪਟਿਆਲੇ ਆਉਣ ਤੋਂ ਤਿੰਨ ਸਾਲ ਮਗਰੋਂ ਗੁਰਬਖ਼ਸ਼ ਕੌਰ ਨੇ ਇੱਕ ਕੁੜੀ ਨੂੰ ਜਨਮ ਦਿੱਤਾ। ਲਾਲ ਸਿੰਘ ਨੂੰ ਜਿਵੇਂ ਕਾਰੂੰ ਦਾ ਖਜ਼ਾਨਾ ਮਿਲ ਗਿਆ। ਗੁਰਬਖ਼ਸ਼ ਕੌਰ ਸਿਰਫ਼ ਉਸ ਨੂੰ ਦੁੱਧ ਹੀ ਪਿਲਾਉਂਦੀ ਸੀ ਤੇ ਬਾਕੀ ਦਾ

ਕੰਮ ਲਾਲ ਸਿੰਘ ਆਪ ਕਰਦਾ, ਉਸ ਨੂੰ ਨਹਾਉਂਦਾ, ਖਿਡਾਉਂਦਾ, ਲੋਰੀ ਦਿੰਦਾ ਅਤੇ ਕਈ ਵਾਰ ਉਹ ਆਪਣੇ ਨਾਲ ਹੀ ਸੁਆ ਲੈਂਦਾ। ਇੱਥੋਂ ਤੱਕ ਉਸ ਦੇ ਪੋਤੜੇ ਵੀ ਬਦਲਦਾ। ਉਸ ਦਾ ਨਾਂ ਪਰਮਿੰਦਰ ਰੱਖਿਆ ਗਿਆ ਸੀ ਪਰ ਉਹ ਉਸ ਨੂੰ ਪਿਆਰ ਨਾਲ ਪੰਮੀ ਕਹਿੰਦਾ। ਗੁਰਬਖ਼ਸ਼ ਕੌਰ ਨੂੰ ਲਾਲ ਸਿੰਘ ਤੇ ਕਈ ਵਾਰ ਹਾਸਾ ਵੀ ਆਉਂਦਾ ਤੇ ਕਈ ਵਾਰ ਗੁੱਸਾ ਵੀ। ਉਹ ਕਈ ਵਾਰ ਮਹਿਸੂਸ ਕਰਦੀ ਕਿ ਲਾਲ ਸਿੰਘ ਉਸ ਉੱਤੇ ਥੋਪ ਦਿੱਤਾ ਗਿਆ ਸੀ। ਉਸ ਨੂੰ ਕਈ ਵਾਰ ਲਾਲ ਸਿੰਘ ਨਾਲ ਨਫ਼ਰਤ ਵੀ ਹੁੰਦੀ। ਪੰਮੀ ਦੇ ਆਉਣ ਤੋਂ ਮਗਰੋਂ ਲਾਲ ਸਿੰਘ ਕੰਮ ਤੋਂ ਹੋਰ ਵੀ ਅਵੇਸਲਾ ਹੋ ਗਿਆ ਸੀ। ਦੂਜੀ ਗੱਲ ਗੁਰਬਖ਼ਸ਼ ਕੌਰ ਟੀਚਰ ਲਗ ਗਈ ਸੀ ਤੇ ਉਹ ਇਹ ਨਹੀਂ ਸੀ ਚਾਹੁੰਦੀ ਕਿ ਲੋਕ ਉਸ ਨੂੰ ਮਿਹਣੇ ਮਾਰਨ ਕਿ ਉਸ ਦਾ ਪਤੀ ਸਬਜ਼ੀ ਦਾ ਛਾਬਾ ਚੁਕਦਾ ਹੈ। ਕਈ ਵਾਰ ਤਕਰਾਰ ਵੀ ਹੁੰਦੀ ਤੇ ਉਹ ਇੱਥੋਂ ਤੱਕ ਕਹਿ ਦਿੰਦੀ "ਮਗਰੋਂ ਲਹੁ ਮੈਂਡੇ, ਜੁਧਰ ਜੁਲਨਾ ਈਂ ਜੁਲ – ਮੈਂਡਾ ਪਿੱਛਾ ਛੋੜ – ਮਿੰਘੀ ਤੈਂਡੇ ਬਿਨਾਂ ਖਰੀ।"

ਲਾਲ ਸਿੰਘ ਨੂੰ ਜਿਵੇਂ ਹੱਥਕੜੀਆਂ ਵਿਚ ਜਕੜ ਦਿੱਤਾ ਗਿਆ ਸੀ। ਉਹ ਘਰ ਛੱਡਣਾ ਚਾਹੁੰਦਾ ਹੋਇਆ ਵੀ ਨਾ ਛੱਡ ਸਕਿਆ। ਝਗੜੇ ਸਮੇਂ 'ਉਹ ਦੜ ਵੱਟ ਜਾਂਦਾ ਤੇ ਗੁਰਬਖ਼ਸ਼ ਕੌਰ ਵੀ ਕੁੱਝ ਢਿੱਲੀ ਪੈ ਜਾਂਦੀ। ਉਹ ਕਹਿ ਤੇ ਛੋੜਦੀ ਪਰ ਅੰਦਰੇਆਂ ਡਰਦੀ "ਉਹ ਘਲਿਆ ਕੀਆਂ ਰਹਿਸੀ ਤੇ ਕੀਆਂ ਸਾਂਭਸੀ ਘਰੇ ਨੀਆਂ ਜ਼ਿੰਮੇਦਾਰੀਆਂ? ਮਰਦੇ ਨਾਲ ਸੌ ਇੱਜ਼ਤ, ਮਾਣ ਨੇ – ਨਾ ਕਿਸੀ ਕਾ ਡਰ ਨਾ ਡਰਾ–ਕਲੀ ਜ਼ਨਾਨੀ ਕੀ ਤੇ ਲੋਕ ਈਆਂ ਈ ਨੀਂ ਛੋੜਦੇ"।

ਕਾਰਨ ਸਪੱਸ਼ਟ ਸੀ ਕਿ ਉਹ ਇਕੱਲੀ ਕਿਵੇਂ ਰਹੇਗੀ ਤੇ ਘਰ–ਪਰਿਵਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਇਕੱਲੀ ਕਿਵੇਂ ਸਾਂਭੇਗੀ? ਪੰਮੀ ਜਦੋਂ ਤਿੰਨ ਕੁ ਸਾਲ ਦੀ ਹੋਈ ਸੀ ਉਹ ਫਿਰ ਗਰਭਵਤੀ ਹੋ ਗਈ। ਉਸ ਸੋਚਿਆ ਉਹ ਗਰਭ ਗਿਰਵਾ ਦੇਵੇਗੀ। ਲਾਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਉਸ ਦੇ ਪੈਰੀਂ ਪੈ ਗਿਆ। ਇਹ ਪਾਪ ਨ੍ਹੀ ਕਰੀਂ "ਅਗ੍ਹਾਂ ਤੋਂ ਮੈਂ ਤੁਘੀ ਹੱਥ ਬੀ ਨੀਂ ਲ੍ਹਾਣ ਲੱਗਾ ਤੁਘੀ ਰੱਬ ਦਾ ਵਾਸਤਾ ਈ।" ਉਸ ਨੇ ਇਹ ਵੀ ਭਰੋਸਾ ਦਿੱਤਾ ਕਿ ਇਸ ਮਗਰੋਂ ਉਹ ਅਜਿਹਾ ਕੁਝ ਨਹੀਂ ਕਰੇਗਾ। ਲਾਲ ਸਿੰਘ ਨੂੰ ਮੁੰਡੇ ਦੀ ਉਮੀਦ ਸੀ। ਪਰ ਗੁਰਬਖ਼ਸ਼ ਕੌਰ ਨੇ ਇੱਕ ਹੋਰ ਕੁੜੀ ਨੂੰ ਜਨਮ ਦਿੱਤਾ ਤੇ ਉਸ ਦਾ ਨਾਂ ਸਤਿੰਦਰ ਰੱਖਿਆ ਗਿਆ। ਲਾਲ ਸਿੰਘ ਨੂੰ ਸਬਜ਼ੀ ਦੇ ਕੰਮ ਤੋਂ ਹਟਾ ਲਿਆ ਗਿਆ ਸੀ ਤੇ ਉਹ ਹੁਣ ਘਰ ਦੇ ਸਾਰੇ ਕੰਮ ਕਰਦਾ ਸੀ। ਵੱਡੇ ਬੱਚਿਆਂ ਨੂੰ ਸਕੂਲ ਛੱਡਣ ਜਾਣਾ, ਛੋਟੀਆਂ ਕੁੜੀਆਂ ਨੂੰ ਨਹਾਉਣਾ–ਧੁਆਉਣਾ, ਕੱਪੜੇ ਧੋਣਾ, ਬਜ਼ਾਰੋਂ ਸਬਜ਼ੀ, ਸੌਦਾ–ਪੱਤਾ ਲਿਆਉਣਾ। ਸਬਜ਼ੀ ਵੀ ਲਗਭਗ ਉਹ ਆਪ ਹੀ ਰਿੰਨ ਲੈਂਦਾ ਸੀ ਤੇ ਦੁਪਹਿਰ ਦੀਆਂ ਰੋਟੀਆਂ ਵੀ ਉਸ ਨੇ ਬਣਾ ਕੇ ਰੱਖ ਦੇਣੀਆਂ। ਗੁਰਬਖ਼ਸ਼ ਕੌਰ ਦੇ ਦੋ ਹੀ ਕੰਮ ਸਨ– ਸਕੂਲ ਵਿਚ ਪੜ੍ਹਾਉਣਾ ਤੇ ਸਵੇਰੇ ਕੀਰਤਨ ਕਰਨਾ। ਕਦੇ–ਕਦਾਈਂ ਉਸ ਦਾ ਦਿਲ ਕਰਦਾ ਤਾਂ ਸ਼ਾਮ ਨੂੰ ਉਹ ਫੁਲਕੇ ਬਣਾ ਦਿੰਦੀ। ਦੂਜੀ ਕੁੜੀ ਹੋਣ ਤੋਂ ਮਗਰੋਂ ਲਾਲ ਸਿੰਘ ਤੇ ਗੁਰਬਖ਼ਸ਼ ਕੌਰ ਦਾ ਰਿਸ਼ਤਾ ਸਿਰਫ਼ ਵਿਖਾਵੇ ਦੇ ਤੌਰ 'ਤੇ ਪਤੀ–ਪਤਨੀ ਵਾਲਾ ਰਹਿ ਗਿਆ। ਜੇ ਗੁਰਬਖ਼ਸ਼ ਕੌਰ ਇਕ ਕਮਰੇ ਵਿਚ ਸੌਂਦੀ ਤਾਂ ਲਾਲ ਸਿੰਘ ਦੂਜੇ ਕਮਰੇ ਵਿੱਚ। ਜਦੋਂ ਲਾਲ ਸਿੰਘ ਹੇਠਾਂ ਮੰਜੀ ਪਾਉਂਦਾ ਤਾਂ ਗੁਰਬਖ਼ਸ਼ ਕੌਰ ਛੱਤ 'ਤੇ। ਇਕ ਦੂਜੇ ਨੂੰ ਸਤਿ ਸ੍ਰੀ ਅਕਾਲ ਵੀ ਉਹ ਘੱਟ ਵੱਧ ਹੀ ਕਰਦੇ। ਲਾਲ ਸਿੰਘ ਨੂੰ ਜੇ ਪੈਸੇ ਦੀ ਲੋੜ ਹੁੰਦੀ ਤਾਂ ਉਹ ਗੁਰਬਖ਼ਸ਼ ਕੌਰ ਕੋਲੋਂ ਪੈਸੇ ਮੰਗਣ ਲਈ ਹੀ ਜਾਂਦਾ। ਗੁਰਬਖ਼ਸ਼ ਕੌਰ ਉਸ ਨਾਲ ਸਿਰਫ਼ ਉਦੋਂ ਹੀ ਗੱਲ ਕਰਦੀ ਜਦੋਂ ਉਸ ਨੇ ਲਾਲ ਸਿੰਘ ਨੂੰ ਕਿਸੇ ਕੰਮ ਲਈ ਬਾਹਰ ਭੇਜਣਾ ਹੁੰਦਾ। ਪਰ ਦੋ ਕੁੜੀਆਂ ਲਾਲ ਸਿੰਘ ਦੀਆਂ ਹੁਣ ਆਪਣੀਆਂ ਸਨ। ਇਸ ਲਈ ਚਾਰੇ ਬੱਚਿਆਂ ਨੂੰ ਅੰਤਾਂ ਦਾ ਪਿਆਰ ਦਿੰਦਾ। ਉਸ ਨੂੰ ਆਪਣੀ ਭੂਆ ਦੇ ਮੁੰਡੇ ਦੇ ਬੱਚੇ ਭੁਪਿੰਦਰ ਤੇ ਹਰਿੰਦਰ ਵੀ ਘੱਟ ਪਿਆਰੇ ਨਹੀਂ ਸਨ।

ਭੁਪਿੰਦਰ ਤੇ ਹਰਿੰਦਰ ਉਸ ਨੂੰ ਸ਼ੁਰੂ ਤੋਂ ਹੀ ਚਾਚਾ ਕਹਿ ਕੇ ਬੁਲਾਉਂਦੇ ਸਨ। ਜਦੋਂ ਪਰਮਿੰਦਰ ਤੇ ਸਤਿੰਦਰ ਵੱਡੀਆਂ ਹੋਈਆਂ ਤਾਂ ਉਹ ਵੀ ਉਸ ਨੂੰ ਚਾਚਾ ਹੀ ਕਹਿ ਕੇ ਬੁਲਾਉਣ ਲਗੀਆਂ। ਲਾਲ ਸਿੰਘ ਦਾ ਮਨ ਕਹਿੰਦਾ ਸੀ ਕਿ ਘੱਟੋ–ਘੱਟ ਪਰਮਿੰਦਰ ਤੇ ਸਤਿੰਦਰ ਉਸ ਨੂੰ ਦਾਰ ਜੀ ਜਾਂ ਪਿਤਾ ਜੀ ਕਹਿਣ। ਪਰ ਉਹ ਇਸ 'ਤੇ ਵੀ ਸਬਰ ਕਰ ਜਾਂਦਾ ਕਿ ਚਲੋ ਕੀ ਫ਼ਰਕ ਪੈਂਦਾ ਹੈ।

ਸਮਾਂ ਗੁਜ਼ਰਦਾ ਗਿਆ। ਪਰਮਿੰਦਰ ਜਦੋਂ ਚਾਰ ਸਾਲ ਦੀ ਹੋਈ ਤਾਂ ਗੁਰਬਖ਼ਸ਼ ਕੌਰ ਨੇ ਉਸ ਨੂੰ ਸਕੂਲ ਦਾਖ਼ਲ ਕਰਵਾ ਦਿੱਤਾ। ਦੋ ਕੁ ਸਾਲ ਮਗਰੋਂ ਛੋਟੀ ਸਤਿੰਦਰ ਨੂੰ ਵੀ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਇਕ ਦਿਨ ਲਾਲ ਸਿੰਘ ਦੋਵੇਂ ਬੱਚੀਆਂ ਨੂੰ ਸਕੂਲ ਛੱਡਣ ਲਈ ਗਿਆ। ਉਥੋਂ ਦੇ ਮੁੱਖ ਅਧਿਆਪਕ ਨੇ ਉਸ ਨੂੰ ਬੁਲਾਇਆ ਤੇ ਕਿਹਾ ਕਿ ਉਹ ਫਾਰਮ ਤੇ ਦਸਤਖ਼ਤ ਕਰ ਦੇਵੇ। ਲਾਲ ਸਿੰਘ ਨੇ ਜਦੋਂ ਫਾਰਮ ਪੜ੍ਹਿਆ ਤੇ ਉਸ 'ਤੇ ਜਿਵੇਂ ਬਿਜਲੀ ਡਿੱਗ ਪਈ ਹੋਵੇ। ਉਸ ਨੂੰ ਚੱਕਰ ਆਉਣ ਲੱਗੇ। ਉਸ ਨੇ ਵੇਖਿਆ ਕਿ ਪਰਮਿੰਦਰ ਤੇ ਸਤਿੰਦਰ ਜੋ ਪੰਜਵੀਂ ਤੇ ਤੀਜੀ ਜਮਾਤ ਵਿੱਚ ਹੋ ਗਈਆਂ ਸਨ ਉਨ੍ਹਾਂ ਦੇ ਫਾਰਮਾਂ ਤੇ ਪਿਤਾ ਵਾਲੇ ਖ਼ਾਨੇ ਵਿਚ ਉਸ ਦਾ ਨਾਂ ਨਹੀਂ ਸੀ ਸਗੋਂ ਉਸ ਦੇ ਸਵਰਗਵਾਸੀ ਮਾਮੇ ਦੇ ਮੁੰਡੇ ਜੁਗਿੰਦਰ ਸਿੰਘ ਦਾ ਨਾਂ ਸੀ। ਉਹ ਐਨਕ ਠੀਕ ਕਰਦਾ, ਥਰਥਰਾਉਂਦਾ, ਮੱਥੇ ਦਾ ਪਸੀਨਾ ਪੂੰਝਦਾ ਘਰ ਵਾਪਸ ਆ ਗਿਆ। ਜਦੋਂ ਗੁਰਬਖ਼ਸ਼ ਕੌਰ ਆਈ ਤਾਂ ਉਹ ਉਬਲ ਪਿਆ– "ਤੁਘੀ ਸਮਝ ਆਈ ਕਿ ਨੀ? ਮਿਘੀ ਜੀਂਦੇ ਕੀ ਮਾਰ ਮਕਾਈ ਛੋੜਿਆ ਈ..... ਬੱਚੀਆਂ ਦੇ ਨਾਂ ਨਾਲ ਮੇਰਾ ਨਾਂ ਨਹੀਂ।" ਗੁਰਬਖ਼ਸ਼ ਕੌਰ ਨੇ ਇਕ ਵਾਰ ਉੱਪਰ ਵੇਖਿਆ ਤੇ ਫਿਰ ਦੰਦੀਆਂ ਪੀਸਦੇ ਹੋਏ ਕਿਹਾ, "ਮਿਘੀ ਜੀਂਦੇ ਜਾਗਦੇ ਕੀ ਮਾਰ ਮੁਕਾਈ ਛੋੜੇਆ ਤੈ ਉਹ ਮਰਿਆ ਬੰਦਾ ਮੈਂਡੀਆਂ ਧੀਉਂ ਨਾ ਪਿਉ ਬਣੀ ਗੇਆ"?

"ਤੁਸੀਂ ਜੋ ਕਰੀ ਸਕਦੇ ਓ ਕਰੀ ਲੋ– ਮਿਘੀ ਜੋ ਮੈਂਡੋਂ ਦਿਲੇ ਭਾਇਆ ਉਹ ਮੈਂ ਕਰੀ ਛੋੜਿਆ ਹੁਣ ਜੋ ਮਰਜੀ ਐ ਕਰੀ ਲੋ– ਜੁਥੈ ਮਰਜ਼ੀ ਟਕਰਾ ਮਾਰੋ–ਚਾਹੇ ਮੱਥਾ ਭੰਨੋ।..."

ਲਾਲ ਸਿੰਘ ਨੇ ਉਸ ਦਿਨ ਨਾ ਕੁਝ ਖਾਇਆ ਤੇ ਨਾ ਹੀ ਪਕਾਇਆ। ਗੁਰਬਖ਼ਸ਼ ਕੌਰ ਨੇ ਆਪ ਖਾਣਾ ਬਣਾਇਆ ਤੇ ਉਸ ਨੂੰ ਪੁੱਛਿਆ ਵੀ ਨਾ। ਭੁਪਿੰਦਰ ਜਦੋਂ ਖਾਣਾ ਲੈ ਕੇ ਉਸ ਕੋਲ ਗਿਆ ਤਾਂ ਉਸ ਨੇ ਖਾਣੇ ਦੀ ਥਾਲੀ ਭੁਆ ਕੇ ਭੁੰਜੇ ਦੇ ਮਾਰੀ। ਗੁਰਬਖ਼ਸ਼ ਕੌਰ ਸੁਣਦੀ ਰਹੀ, ਪਰ ਉਹ ਕੁਝ ਨਾ ਬੋਲੀ।

ਲਾਲ ਸਿੰਘ ਰਾਤ ਨੂੰ ਮੰਜੀ 'ਤੇ ਲੇਟ ਗਿਆ ਤੇ ਸਾਰੀ ਰਾਤ ਜਾਗ ਕੇ ਕੱਟੀ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ। ਇਕ ਵਾਰ ਉਸ ਦਾ ਦਿਲ ਕੀਤਾ ਕਿ ਉਹ ਕਿਰਪਾਨ ਚੁਕੇ ਅਤੇ ਗੁਰਬਖ਼ਸ਼ ਕੌਰ ਤੇ ਬੱਚਿਆਂ ਨੂੰ ਕਤਲ ਕਰਕੇ ਆਪਣੇ–ਆਪ ਨੂੰ ਪੁਲਿਸ ਦੇ ਹਵਾਲੇ ਕਰ ਦੇਵੇ। ਪਰ ਫਿਰ ਉਸ ਸੋਚਿਆ ਕਿ ਇਸ ਵਿਚ ਬੱਚਿਆਂ ਦਾ ਕੀ ਕਸੂਰ? ਫਿਰ ਉਸ ਨੇ

ਗੁਰਬਖ਼ਸ਼ ਕੌਰ ਨੂੰ ਮਾਰਨ ਬਾਰੇ ਸੋਚਿਆ। ਅੰਦਰ ਗਿਆ ਤੇ ਉਸ ਨੇ ਕਿਰਪਾਨ ਚੁਕੀ, ਪਰ ਕਿਰਪਾਨ ਉੱਥੇ ਹੀ ਰੱਖ ਦਿੱਤੀ। "ਸੋਚਿਆ ਜੇ ਗੁਰਬਖ਼ਸ਼ ਆ ਮਾਰੀ ਛੋੜਿਆ, ਮਿਘੀ ਜੇਲ੍ਹ ਜਾਣਾ ਪੈਸੀ ਬੱਚਿਆਂ ਨਾ ਕੇ ਬਣਸੀ? ਕੁਸ ਦੇਣਾ ਏ ਦਿਲਾਸਾ ਤੇ ਕੁਸ ਕਰਨੀ ਐ ਉਨ੍ਹਾਂ ਨੀ ਦੇਖ ਭਾਲ।"

ਦੂਜੇ ਦਿਨ ਆਖ਼ਰ ਉਸ ਦੇ ਪਾਪੀ ਪੇਟ ਨੇ ਉਸ ਨੂੰ ਝੁਕਾ ਦਿੱਤਾ ਤੇ ਉਸ ਨੇ ਦੋ ਫੁਲਕੇ ਡਕਰੇ। ਗੁਰਬਖ਼ਸ਼ ਨੇ ਉਸ ਨੂੰ ਇੱਕ ਵਾਰ ਵੀ ਰੋਟੀ ਖਾਣ ਲਈ ਦੁਬਾਰਾ ਨਹੀਂ ਸੀ ਕਿਹਾ। ਕੁੱਝ ਦਿਨਾਂ ਦੇ ਗੁੱਸੇ ਮਗਰੋਂ ਲਾਲ ਸਿੰਘ ਕੁੱਝ ਸ਼ਾਂਤ ਹੋਣ ਲੱਗਾ। ਇਕ ਦਿਨ ਉਹ ਦੁੱਧ ਗਰਮ ਕਰ ਰਿਹਾ ਸੀ ਤੇ ਉਸ ਦੇ ਅੰਦਰਲਾ ਜ਼ਖ਼ਮੀ ਮਰਦ ਜਾਗਿਆ। ਉਸ ਨੇ ਦੁੱਧ ਵਿੱਚ ਜ਼ਹਿਰ ਮਿਲਾ ਦਿੱਤਾ ਤੇ ਉਸ ਨੇ ਸੋਚਿਆ ਪੰਜੇ ਜਣੇ ਦੁੱਧ ਪੀਣਗੇ ਤੇ ਮਰ ਜਾਣਗੇ। ਇਸ ਮਗਰੋਂ ਉਹ ਆਪ ਜ਼ਹਿਰੀਲਾ ਦੁੱਧ ਪੀ ਲਵੇਗਾ। ਪਰ ਉਹ ਅਜਿਹਾ ਨਾ ਕਰ ਸਕਿਆ। ਉਸ ਨੇ ਦੁੱਧ ਦਾ ਪਤੀਲਾ ਬਾਹਰ ਡੋਲ੍ਹ ਦਿੱਤਾ। ਜਦੋਂ ਗੁਰਬਖ਼ਸ਼ ਕੌਰ ਘਰ ਵਾਪਸ ਆਈ ਤਾਂ ਉਸ ਨੇ ਵੇਖਿਆ ਕਿ ਇੱਕ ਕੁੱਤਾ ਤੇ ਦੋ ਬਿੱਲੀਆਂ ਮਰੇ ਪਏ ਸਨ। ਅਸਲ ਵਿੱਚ ਜ਼ਹਿਰੀਲਾ ਦੁੱਧ ਪੀ ਕੇ ਮਰ ਗਏ ਸਨ। ਗੁਰਬਖ਼ਸ਼ ਕੌਰ ਨੂੰ ਕੁਝ ਸਮਝ ਨਾ ਆਈ ਤੇ ਉਸ ਨੇ ਸਿਰਫ਼ ਇੰਨਾ ਹੀ ਕਿਹਾ- "ਕਮੇਟੀ ਜਾਈ ਕੈ ਇਨ੍ਹਾਂ ਕੁੱਤੇ, ਬਿਲੀਆਂ, ਗੀ ਚੁਕਾਣ ਨਾ ਕੋਈ ਇੰਤਜ਼ਾਮ ਕਰੀ ਆ।" ਲਾਲ ਸਿੰਘ ਚੁੱਪ ਰਿਹਾ। ਉਸ ਨੂੰ ਇਹ ਗੱਲ ਭੁਲਾਇਆਂ ਵੀ ਨਹੀਂ ਭੁੱਲ ਰਹੀ ਸੀ ਕਿ ਪਰਮਿੰਦਰ ਤੇ ਸਤਿੰਦਰ ਦੇ ਪਿਤਾ ਦਾ ਨਾਂ ਸਕੂਲ ਵਿਚ ਜੁਗਿੰਦਰ ਸਿੰਘ ਲਿਖਵਾਇਆ ਗਿਆ ਸੀ- ਨਾ ਕਿ ਲਾਲ ਸਿੰਘ। ਇਸ ਲਈ ਉਹ ਗੁਰਬਖ਼ਸ਼ ਕੌਰ ਨੂੰ ਸਜ਼ਾ ਦੇਣਾ ਚਾਹੁੰਦਾ ਸੀ। ਅਜਿਹੀ ਸਜ਼ਾ ਕਿ ਉਹ ਮਰਦੇ ਦਮ ਤਕ ਯਾਦ ਰੱਖੇ। ਪਰ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਗੁਰਬਖ਼ਸ਼ ਕੌਰ ਨੂੰ ਕਿਹੜੀ ਸਜ਼ਾ ਦੇਵੇ। ਰਾਤ ਹੋਈ। ਲਾਲ ਸਿੰਘ ਨੇ ਦੋ ਪਤੀਲਿਆਂ ਵਿੱਚ ਵੱਖਰਾ-ਵੱਖਰਾ ਦੁੱਧ ਗਰਮ ਕੀਤਾ। ਇਕ ਪਤੀਲੇ ਵਿੱਚ ਉਸ ਨੇ ਗੁਰਬਖ਼ਸ਼ ਕੌਰ, ਭੁਪਿੰਦਰ ਕੌਰ ਤੇ ਹਰਿੰਦਰ ਲਈ ਦੁੱਧ ਗਰਮ ਕੀਤਾ। ਦੂਜੇ ਪਤੀਲੇ ਵਿਚ ਉਸ ਨੇ ਪਰਮਿੰਦਰ, ਸਤਿੰਦਰ ਤੇ ਆਪਣੇ ਲਈ ਦੁੱਧ ਗਰਮ ਕੀਤਾ। ਉਹ ਪਰਮਿੰਦਰ ਤੇ ਸਤਿੰਦਰ ਨੂੰ ਆਪਣੇ ਕਮਰੇ ਵਿੱਚ ਲੈ ਗਿਆ। ਹਰਿੰਦਰ ਵੀ ਉੱਥੇ ਆ ਗਈ ਤੇ ਉਸ ਕਿਹਾ- "ਚਾਚਾ ਜੀ, ਮਿਘੀ ਬੀ ਦੇਈ ਦਿਓ ਦੁੱਧ।" ਉਸ ਨੇ ਹਰਿੰਦਰ ਦੇ ਦੋ ਚਪੇੜਾਂ ਮਾਰੀਆਂ ਤੇ ਹਰਿੰਦਰ ਰੋਂਦੀ-ਰੋਂਦੀ ਆਪਣੀ ਮਾਂ ਕੋਲ ਚਲੀ ਗਈ। ਇਹ ਪਹਿਲੀ ਵਾਰ ਸੀ ਕਿ ਲਾਲ ਸਿੰਘ ਨੇ ਹਰਿੰਦਰ ਜਾਂ ਕਿਸੇ ਬੱਚੇ ਨੂੰ ਚਪੇੜ ਮਾਰੀ ਸੀ। ਗੁਰਬਖ਼ਸ਼ ਕੌਰ ਬਹੁਤ ਉੱਚਾ-ਨੀਵਾਂ ਬੋਲੀ ਪਰ ਉਹ ਸੁਣਦਾ ਰਿਹਾ। ਜਦੋਂ ਗੁਰਬਖ਼ਸ਼ ਕੌਰ ਨੇ ਪਰਮਿੰਦਰ ਤੇ ਸਤਿੰਦਰ ਨੂੰ ਨਾਲ ਲੈ ਜਾਣ ਦਾ ਯਤਨ ਕੀਤਾ ਤਾਂ ਉਸ ਦਿਨ ਉਹ ਸ਼ੇਰ ਵਾਂਗ ਗਰਜਿਆ- "ਇੰਨ੍ਹੇ ਮੈਂਡੀਆਂ ਬੱਚੀਆਂ ਗੀ ਮਤ ਹੱਥ ਲਗਾਈਂ।" ਰਾਤ ਕਾਫ਼ੀ ਹੋ ਗਈ ਸੀ ਤੇ ਗੁਰਬਖ਼ਸ਼ ਕੌਰ ਗੁਆਂਢੀਆਂ ਨੂੰ ਸੁਣਾਉਣਾ ਨਹੀਂ ਸੀ ਚਾਹੁੰਦੀ। ਦਸ ਵਜੇ ਦੇ ਲਗਭਗ ਲਾਲ ਸਿੰਘ ਨੇ ਆਪਣੇ ਹੱਥੀਂ ਪਰਮਿੰਦਰ ਤੇ ਸਤਿੰਦਰ ਨੂੰ ਦੁੱਧ ਪਿਲਾਇਆ ਤੇ ਫਿਰ ਇੱਕ ਗਲਾਸ ਆਪ ਵੀ ਪੀ ਲਿਆ। ਗੁਰਬਖ਼ਸ਼, ਭੁਪਿੰਦਰ ਤੇ ਹਰਿੰਦਰ ਪਹਿਲਾਂ ਹੀ ਦੂਜੇ ਕਮਰੇ ਵਿਚ ਸੌਂ ਚੁੱਕੇ ਸਨ।

ਅਗਲੀ ਸਵੇਰ ਗੁਰਬਖ਼ਸ਼ ਕੌਰ ਜਦੋਂ ਗੁਰਦੁਆਰੇ ਤੋਂ ਵਾਪਿਸ ਆਈ ਤਾਂ ਵੇਖਿਆ ਸਭ ਸੁੱਤੇ ਪਏ ਹਨ। ਉਸ ਨੇ ਭੁਪਿੰਦਰ ਤੇ ਹਰਿੰਦਰ ਨੂੰ ਪਹਿਲਾਂ ਉਠਾਇਆ ਤੇ ਉਹ ਨਹਾਉਣ ਲੱਗੇ। ਇਸ ਮਗਰੋਂ ਇੱਕ ਘੰਟਾ ਉਸ ਨੇ ਇੰਤਜ਼ਾਰ ਕੀਤਾ ਪਰ ਜਦੋਂ ਪਰਮਿੰਦਰ ਤੇ ਸਤਿੰਦਰ ਨੂੰ ਬਾਹਰ ਨਾ ਵੇਖਿਆ ਤਾਂ ਉਹ ਲਾਲ ਸਿੰਘ ਦੇ ਕਮਰੇ ਵਿੱਚ ਗਈ। ਉਸ ਦੇ ਪੈਰਾਂ ਹੇਠ ਦੀ ਜ਼ਮੀਨ ਖਿਸਕ ਰਹੀ ਸੀ, ਕਿਉਂਕਿ ਲਾਲ ਸਿੰਘ, ਪਰਮਿੰਦਰ ਤੇ ਸਤਿੰਦਰ ਨੂੰ ਆਪਣੀਆਂ ਬਾਹਾਂ ਵਿੱਚ ਲਈ ਧੁਆਂਖਿਆ ਪਿਆ ਸੀ। ਲਾਲ ਸਿੰਘ ਤੇ ਦੋਵੇਂ ਕੁੜੀਆਂ ਦੇ ਮੂੰਹ ਝੱਗ ਨਾਲ ਭਰੇ ਪਏ ਸਨ। ਉਹ ਤਿੰਨੇ ਠੰਢੇ ਹੋ ਚੁੱਕੇ ਸਨ ਤੇ ਕੜਕਦੀ ਠੰਢ ਦੀ ਰਾਤ ਵਿਚ ਉਹ ਤਿੰਨੇ ਬਿਨਾਂ ਰਜਾਈ ਦੇ ਪਏ ਰਹੇ ਜਾਂ ਰਜਾਈ ਦੀ ਉਨ੍ਹਾਂ ਨੂੰ ਲੋੜ ਨਾ ਪਈ। ਗੁਰਬਖ਼ਸ਼ ਕੌਰ ਨੂੰ ਲਗਿਆ ਕਿ ਛੱਤ ਦਾ ਲੈਂਟਰ ਉਸ ਦੇ ਸਿਰ 'ਤੇ ਡਿੱਗ ਪਵੇਗਾ। ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹ ਉਨ੍ਹਾਂ ਲਈ ਰੋਵੇ ਜਾਂ ਨਾ। ਜੇ ਰੋਵੇ ਤਾਂ ਕਿਸ ਲਈ ਬੱਚਿਆਂ ਲਈ ਜਾਂ ਜ਼ਖ਼ਮੀ ਮਰਦ ਲਈ?

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

**ਚਾਰ ਚੰਨ ਲੱਗ ਜਾਣ ਕੁੜੀਏ, ਜੇ ਰੱਖੇ ਸਿਰ ਨੂੰ ਦੁਪੱਟੇ ਨਾਲ ਢੱਕ ਕੇ।**
**ਲੱਗੇ ਇਹਦੇ ਬਿਨਾ ਫਿੱਕਾ ਤੇਰਾ ਰੂਪ ਨੀ, ਉਂਝ ਰਹਿ ਭਾਵੇਂ ਪੂਰੀ ਤਰ੍ਹਾਂ ਫੱਬ ਕੇ।**

**ਦੁਪੱਟਾ ਸ਼ੁਰੂ ਤੋਂ ਗੱਲ ਕਰੇ ਅਣਖਾਂ ਦੀ, ਰੱਖਦਾ ਆਇਆ ਏ ਤੇਰੀ ਲੱਜ ਨੀ।**
**ਪੰਜਾਬਣੇ ਦੁਪੱਟਾ ਤੇਰੀ ਸ਼ਾਨ ਏ, ਸ਼ਾਨ ਹੁੰਦੀ ਸਰਦਾਰਾ ਲਈ ਪੱਗ ਨੀ।**

# BABA MAKHAN SHAH LOBANA FOUNDATION (Regd.)

## BHAI NADU SHAH LOBANA MISSIONARY DENTAL CLINIC

SECTOR-30A, CHANDIGARH PH:01722972340, 7347065188
Email:lobanafoundation@gmail.com



**Timings -**
**9AM - 1PM**
**(MON-FRI)**
**Consultation Fees -**
**Rs.20/-**

## TREATMENTS OFFERED

- ROOT CANAL TREATMENT
- TOOTH COLOURED FILLING
- DENTAL IMPLANTS
- SCALING AND POLISHING
- TEETH WHITENING
- PAINLESS EXTRACTIONS
- WISDOM TOOTH REMOVAL
- TOOTH CAPPING AND FIXED TEETH REPLACEMENT
- DENTURES
- TRAUMATIC INJURIES DENTAL

*"EVERY TOOTH IN A MAN'S MOUTH IS MORE VALUABLE THAN A DIAMOND."*

DR AMRIT KAUR PELIA BDS,MDS
ORAL & MAXILLOFACIAL SURGEON
MEMBER OF AOMSI

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

## ਪੰਜਾਬ ਵਿੱਚ ਲਘੂ-ਉਦਯੋਗਾਂ ਦਾ ਵਿਕਾਸ

ਆਜ਼ਾਦੀ ਤੋਂ ਬਾਅਦ ਪੰਜਾਬ ਇਕ ਪਛੜਿਆ ਹੋਇਆ ਰਾਜ ਮੰਨਿਆ ਜਾਂਦਾ ਸੀ। ਇੱਥੇ ਉਦਯੋਗਾਂ ਦੀ ਕਮੀ ਸੀ, ਪਰ 1966 ਤੋਂ ਬਾਅਦ ਇੱਥੇ ਕਈ ਛੋਟੇ ਉਦਯੋਗਾਂ ਦਾ ਤੇਜ਼ੀ ਨਾਲ ਵਿਕਾਸ ਹੋਇਆ। ਲੁਧਿਆਣਾ ਵਿੱਚ ਹੌਜ਼ਰੀ ਅਤੇ ਸਾਈਕਲ ਉਦਯੋਗ, ਅੰਮ੍ਰਿਤਸਰ ਵਿੱਚ ਕੱਪੜਾ ਉਦਯੋਗ, ਜਲੰਧਰ ਵਿੱਚ ਖੇਡਾਂ ਦੇ ਸਾਮਾਨ ਦਾ ਉਦਯੋਗ ਤੇ ਮੋਟਰਾਂ ਦੇ ਪੁਰਜਿਆਂ ਦਾ ਉਦਯੋਗ, ਕਰਤਾਰਪੁਰ ਵਿੱਚ ਫਰਨੀਚਰ ਉਦਯੋਗ ਅਤੇ ਹੁਸ਼ਿਆਰਪੁਰ ਵਿੱਚ ਹਾਥੀ ਦੰਦ ਅਤੇ ਲੱਕੜੀ ਦੇ ਸਜਾਵਟ ਦੇ ਸਾਮਾਨ ਦੇ ਲਘੂ ਉਦਯੋਗ ਨੇ ਬਹੁਤ ਵਿਕਾਸ ਕੀਤਾ ਹੈ।

ਇਸ ਵੇਲੇ ਪੰਜਾਬ ਵਿੱਚ 1.54 ਲੱਖ ਲਘੂ ਅਤੇ ਦਰਮਿਆਨੇ ਅਤੇ 600 ਵੱਡੇ ਦਰਜੇ ਦੇ ਉਦਯੋਗ ਹਨ। ਇਹ ਇਕਾਈਆਂ ਬਾਈਸਾਇਕਲਾਂ ਤੇ ਪੁਰਜੇ, ਬਿਜਲਈ ਮਸ਼ੀਨਾਂ, ਹੱਥ ਨਾਲ ਚੱਲਣ ਵਾਲੀਆਂ ਮਸ਼ੀਨਾਂ ਆਟੋ ਪਾਰਟਜ਼ ਆਦਿ ਬਣਾਉਂਦੇ ਹਨ ਅਤੇ ਤਕਰੀਬਨ 11.69 ਲੱਖ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਦੇ ਹਨ।

**ਉਦਯੋਗਿਕ ਵਿਕਾਸ ਲਈ ਬਣਾਈਆਂ ਗਈਆਂ ਸੰਸਥਾਵਾਂ —**

1. ਪੰਜਾਬ ਰਾਜ ਵਿੱਤ ਨਿਗਮ (Punjab Financial Corporation) ਦੀ ਸਥਾਪਨਾ 1951 ਵਿੱਚ ਕੀਤੀ ਗਈ। ਇਹ ਨਿਗਮ ਲਘੂ ਅਤੇ ਦਰਮਿਆਨੇ ਦਰਜੇ ਦੇ ਉਦਯੋਗਾਂ ਨੂੰ ਵੱਖ-ਵੱਖ ਸਕੀਮਾਂ ਅਧੀਨ ਕਰਜੇ ਦੇਂਦੀ ਹੈ। ਇਹ ਹੋਟਲਾਂ, ਨਰਸਿੰਗ ਹੋਮਜ਼, ਹਸਪਤਾਲਾਂ ਅਤੇ ਸੂਚਨਾ ਤਕਨਾਲੋਜੀ ਨਾਲ ਜੁੜੇ ਉਦਯੋਗ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ।

2. ਪੰਜਾਬ ਸੂਚਨਾ ਅਤੇ ਸੰਚਾਰ ਨਿਗਮ ਲਿਮਿਟਡ (Punjab Information and Communication Technology Corporation) ਇਸ ਨਿਗਮ ਨੂੰ ਪਹਿਲਾਂ ਪੰਜਾਬ ਰਾਜ ਇਲੈਕਟ੍ਰੋਨਿਕਸ ਵਿਕਾਸ ਅਤੇ ਉਤਪਾਦਨ ਨਿਗਮ ਨਾਲ ਜਾਣਿਆ ਜਾਂਦਾ ਸੀ। ਇਸ ਨਿਗਮ ਦੀ ਸਥਾਪਨਾ 1976 ਵਿਚ ਕੀਤੀ ਗਈ। ਇਲੈਕਟ੍ਰੋਨਿਕਸ ਵਿਕਾਸ ਅਤੇ ਵਿਸਥਾਰ ਲੀ ਸਥਾਪਿਤ ਕੀਤੀ ਗਿਆ ਇਹ ਨਿਗਮ ਮੁਖ ਤੌਰ ਤੇ ਪੰਜਾਬ ਵਿਚ ਸੂਚਨਾ ਤਕਨਾਲੋਜੀ ਨੂੰ ਉਤਸਾਹਿਤ ਕਰਨ ਲਈ ਬਣਾਇਆ ਗਿਆ ਹੈ ਅਤੇ ਮੋਹਾਲੀ ਵਿਖੇ ਇਲੈਕਟ੍ਰੋਨਿਕਸ ਦੀ ਵਿਸ਼ਾਲ ਵਪਾਰਕ ਇਕਾਈ ਸਥਾਪਿਤ ਕੀਤੀ ਗਈ ਹੈ।

3. ਪੰਜਾਬ ਰਾਜ ਉਧਯੋਗਿਕ ਵਿਕਾਸ ਨਿਗਮ (Punjab State Industrial development Corporation) ਪੰਜਾਬ ਰਾਜ ਉਧਯੋਗਿਕ ਵਿਕਾਸ ਨਿਗਮ ਦੀ ਸਥਾਪਨਾ ਕੰਪਨੀਜ਼ ਐਕਟ ਅਧੀਨ 1956 ਵਿਚ ਕੀਤੀ ਗਈ। ਇਸ ਦਾ ਮੁਖ ਉਦੇਸ਼ ਵੱਡੇ ਅਤੇ ਲਘੂ ਉਦਯੋਗਾਂ ਦਾ ਵਿਕਾਸ ਕਰਨਾ ਹੈ।

4. ਪੰਜਾਬ ਸਟੇਟ ਹੈਂਡਲੂਮ ਐਂਡ ਟੈਕਸਟਾਈਲ ਕਾਰਪੋਰੇਸ਼ਨ।

5. ਪੰਜਾਬ ਸਟੇਟ ਲੈਦਰ ਡਿਵੈਲਪਮੈਂਟ ਕਾਰਪੋਰੇਸ਼ਨ

6. ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਿਟਡ

7. ਪੰਜਾਬ ਰਾਜ ਲਘੂ ਉਧਯੋਗ ਨਿਗਮ (Punjab State Small Industries and Export Corporation) ਇਸ ਨਿਗਮ ਦੀ ਸਥਾਪਨਾ 1962 ਵਿਚ ਕੀਤੀ ਗਈ।

**ਪੰਜਾਬ ਪ੍ਰਦੇਸ਼ ਲਘੂ ਉਧਯੋਗ ਨਿਗਮ ਦੇ ਕੰਮ —**

* ਕੱਚੇ ਮਾਲ ਦੀ ਪ੍ਰਾਪਤੀ ਅਤੇ ਵੰਡ ਦੇ ਲਈ ਇਹ ਸੰਸਥਾ ਛੋਟੇ ਉਧਯੋਗਾਂ ਦੀ ਲੋਹਾ ਅਤੇ ਦੂਜੇ ਕੱਚੇ ਮਾਲ ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ।
* ਇਹ ਛੋਟੇ ਉਦਯੋਗ ਦੁਆਰਾ ਤਿਆਰ ਕੀਤੇ ਗਏ ਮਾਲ ਦੇ ਨਿਰਯਾਤ ਦਾ ਵੀ ਪ੍ਰਬੰਧ ਕਰਦਾ ਹੈ।
* ਇਹ ਛੋਟੇ ਉਧਯੋਗਪਤੀਆਂ ਨੂੰ 500 ਵਰਗਮੀਟਰ ਤਕ ਦੇ ਪਲਾਟ ਵੀ ਦਿੰਦਾ ਹੈ।
* ਇਹ ਕੰਮ ਸ਼ੁਰੂ ਕਰਨ ਲਈ ਕਰਜੇ ਦਿੰਦਾ ਹੈ।
* ਇਹ ਹਾਇਰ-ਪਰਚੇਜ਼ ਤੇ ਮਸ਼ੀਨਰੀ ਸਪਲਾਈ ਕਰਦਾ ਹੈ।
* ਇਹ ਦਰੀਆ ਅਤੇ ਗਲੀਚਿਆਂ ਨੂੰ ਬਣਾਉਣ ਲਈ ਲੋਕਾਂ ਨੂੰ ਸਿਖਲਾਈ ਦੇਣ ਦਾ ਪ੍ਰਬੰਧ ਕਰਦਾ ਹੈ।
* ਇਹ ਛੋਟੇ ਉਧਯੋਗਾਂ ਲਈ ਫੋਕਲ ਪੁਆਇੰਟ ਬਣਾਉਂਦਾ ਹੈ।
* ਇਹ ਸਲਾਹਕਾਰ ਸੇਵਾਵਾਂ, ਵਿਕਰੀ ਵਧਾਉਣ ਲਈ ਵਿਕਰੀ ਕੇਂਦਰ ਖੋਲ੍ਹਣ ਵਿੱਚ ਸਹਾਇਤਾ ਅਤੇ ਹਸਤ-ਸ਼ਿਲਪ ਦੇ ਵਿਕਾਸ ਆਦਿ ਲਈ ਵੀ ਸਹਾਇਤਾ ਦਿੰਦਾ ਹੈ।

**ਫੋਕਲ ਪੁਆਇੰਟ** - 1968 ਈ. ਵਿੱਚ ਰਾਸ਼ਟਰੀ ਵਿਕਾਸ ਪਰਿਸ਼ਦ ਦੇ ਸੁਝਾਅ 'ਤੇ ਪੰਜਾਬ ਸਰਕਾਰ ਨੇ 'ਫੋਕਲ ਪੁਆਇੰਟ ਵਿਕਾਸ ਯੋਜਨਾ' ਨੂੰ ਸ਼ੁਰੂ ਕੀਤਾ ਹੈ, ਹੁਣ ਤੱਕ 30 ਫੋਕਲ ਪੁਆਇੰਟ ਸਥਾਪਿਤ ਕੀਤੇ ਗਏ ਹਨ (2019 ਤੱਕ)। ਇਹਨਾਂ ਦੇ ਮੁੱਖ ਉਦੇਸ਼ ਹਨ।

(ੳ) ਉਦਯੋਗਾਂ ਦਾ ਵਿਕੇਂਦਰੀਕਰਣ

(ਅ) ਪਛੜੇ ਇਲਾਕਿਆਂ ਦਾ ਉਧਯੋਗਿਕ ਵਿਕਾਸ

(ੲ) ਲਘੂ ਅਤੇ ਦਰਮਿਆਨੇ ਪੱਧਰ ਦੇ ਉਦਯੋਗਾਂ ਦਾ ਸਮੂਹਕ ਵਿਕਾਸ।

1. ਰਾਜ ਦੀ ਵਿਧਾਨ ਪਰਿਸ਼ਦ ਨੂੰ ਖਤਮ (ਅਬੋਲਿਸ਼) ਕਰਨ ਦਾ ਅਧਿਕਾਰ ਕਿਸ ਦਾ ਹੈ?
(ੳ) ਭਾਰਤ ਦੇ ਰਾਸ਼ਟਰਪਤੀ (ਅ) ਸਬੰਧਤ ਰਾਜ ਦੇ ਗਵਰਨਰ (ੲ) ਰਾਜ ਦੀ ਕੈਬਿਨੇਟ (ਸ) ਸਬੰਧਤ ਰਾਜ ਦੀ ਵਿਧਾਨ ਸਭਾ

2. ਉਪ-ਚੋਣਾ (bye-elections) ਸਬੰਧੀ ਹੇਠ ਲਿਖੇ ਕਥਨ ਵਿਚਾਰੋ-
(1) ਸੰਸਦ ਦੇ ਕਿਸੇ ਸਦਨ ਜਾਂ ਰਾਜ ਵਿਧਾਨ ਸਭਾ ਵਿਚ ਕਿਸੇ ਅਸਾਮੀ/ਸੀਟ ਖਾਲੀ (ਵੈਕੇਂਟ) ਹੋਣ ਤੋਂ ਛੇ ਮਹੀਨੇ ਦੇ ਅੰਦਰ ਉਪ-ਚੋਣਾ (Bye-elections) ਕਰਾਉਣੀਆਂ ਹੁੰਦੀਆਂ ਹਨ।
(2) ਇਹ ਉੱਥੇ ਲਾਗੂ ਨਹੀਂ ਹੁੰਦਾ ਜਿੱਥੇ ਮੈਂਬਰ ਦੀ ਅਸਾਮੀ ਖਾਲੀ ਹੋਣ ਤੇ ਉਸ ਦੀ ਬਕਾਇਆ ਮਿਆਦ ਇੱਕ ਸਾਲ ਤੋਂ ਘੱਟ ਹੋਵੇ।
(3) ਇਹ ਉੱਥੇ ਲਾਗੂ ਨਹੀਂ ਹੁੰਦਾ ਜਿੱਥੇ ਮੈਂਬਰ ਦੀ ਅਸਾਮੀ ਖਾਲੀ ਹੋਣ ਤੇ, ਉਸ ਦੀ ਬਕਾਇਆ ਮਿਆਦ ਛੇ ਮਹੀਨੇ ਤੋਂ ਘੱਟ ਹੋਵੇ।
ਉਪਰੋਕਤ ਵਿੱਚੋਂ ਕਿਹੜਾ ਕਥਨ ਸਹੀ ਹੈ/ਹਨ
(ੳ) ਸਿਰਫ 1 (ਅ) ਸਿਰਫ 2 (ੲ) 1 ਅਤੇ 2 (ਸ) 1 ਅਤੇ 3

3. ਹੇਠ ਲਿਖੇ ਕਥਨਾਂ ਨੂੰ ਵਿਚਾਰੋ —
(1) ਲਗਭਗ 33 ਲੱਖ ਕਿਲੋਮੀਟਰ ਦਾ ਭਾਰਤੀ ਸੜਕਾਂ ਦਾ ਨੈਟਵਰਕ (ਜਾਲ), ਵਿਸ਼ਵ ਵਿੱਚ ਤੀਜੇ ਨੰਬਰ ਤੇ ਹੈ।
(2) ਅਹਮਦਾਬਾਦ-ਵਦੋਦਰਾ ਐਕਸਪ੍ਰੈਸ-ਵੇ, ਭਾਰਤ ਦਾ ਪਹਿਲਾ ਐਕਸਪ੍ਰੈਸ-ਵੇ ਹੈ।
ਉਪਰੋਕਤ ਕਥਨਾਂ ਵਿਚੋਂ ਕਿਹੜਾ ਕਥਨ ਸਹੀ ਹੈ/ਹਨ?
(ੳ) ਸਿਰਫ 1 (ਅ) ਸਿਰਫ 2 (ੲ) 1 ਅਤੇ 2 ਦੋਵੇਂ (ਸ) 1 ਅਤੇ 2 ਵਿਚੋਂ ਕੋਈ ਵੀ ਨਹੀਂ

4. ਭਾਰਤ ਵਿਖੇ, ਹੇਠ ਲਿਕੀਆਂ ਥਾਵਾਂ ਵਿਚੋਂ, ਡੱਚ (Dutch), ਵੱਲੋਂ ਸਭ ਤੋਂ ਪਹਿਲਾਂ ਫੈਕਟਰੀ ਕਿੱਥੇ ਸਥਾਪਿਤ ਕੀਤੀ ਗਈ ਸੀ ?
(ੳ) ਸੂਰਤ (ਅ) ਪੁਲਿਕਟ (ੲ) ਕੋਚੀਨ (ਸ) ਕਾਸਿਮ ਬਜ਼ਾਰ

5. 'ਹਰਮੈਟਨ' (Harmattan) ਸਬੰਧੀ ਹੇਠ ਦਿੱਤੇ ਕਥਨਾਂ ਨੂੰ ਵਿਚਾਰੋ —
(1) ਇਹ ਪੱਛਮੀ ਅਫਰੀਕਾ ਦੀ ਖੁਸ਼ਕ ਅਤੇ ਮਿਟਿਆਲੀ ਟਰੇਡ ਹਵਾ/ਪੌਣ ਹੈ।
(2) ਇਹ ਆਮ ਤੌਰ ਤੇ ਦਸੰਬਰ ਤੋਂ ਫਰਵਰੀ ਦੇ ਖੁਸ਼ਕ ਮੌਸਮ ਦੌਰਾਨ ਚੱਲਦੀ ਹੈ।
(3) ਇਹ ਭਹੁਤ ਵੱਡੀ ਮਾਤਰਾ ਵਿਚ ਸਹਾਰਾ (Sahara) ਤੋਂ ਮਹੀਨ ਧੂੜ ਲੈ ਕੇ ਆਉਂਦੀ ਹੈ।
ਉਪਰੋਕਤ ਕਥਨਾਂ ਵਿੱਚੋਂ ਕਿਹੜਾ ਕਥਨ ਸਹੀ ਹੈ/ਹਨ?
(ੳ) 1 ਅਤੇ 2 (ਅ) ਸਿਰਫ 1 (ੲ) 2 ਅਤੇ 3 (ਸ) 1, 2 ਅਤੇ 3

6. ਸ਼ੋਸ਼ਣ ਵਿਰੁੱਧ ਅਧਿਕਾਰ ਜੋ ਕਿ ਇਕ ਬੁਨਿਆਦੀ ਅਧਿਕਾਰ (ਫੰਡਾਮੈਂਟਲ ਰਾਈਟ) ਹੈ, ਵਿਚ ਹੇਠ ਦਿੱਤੇ ਸ਼ਾਮਿਲ ਹੈ/ਹਨ।
(1) ਮਨੁੱਖੀ ਵਪਾਰ ਦਾ ਵਰਜਣ (2) ਛੂਤ-ਛਾਤ ਦੀ ਸਮਾਪਤੀ
(3) ਜਬਰੀ ਮਜ਼ਦੂਰੀ ਦਾ ਵਰਜਣ (4) ਬੱਚਿਆਂ ਦਾ ਖਤਰਨਾਕ ਕੰਮਾਂ ਵਿੱਚ ਰੋਜ਼ਗਾਰ ਦਾ ਵਰਜਣ
ਹੇਠ ਲਿਖੇ ਵਿੱਚੋਂ ਉੱਤਰ ਚੁਣੋ —
(ੳ) 1 ਅਤੇ 3 (ਅ) 1 ਅਤੇ 4 (ੲ) 1, 2 ਅਤੇ 4 (ਸ) 1, 3 ਅਤੇ 4

7. ਐਮ.ਆਰ.ਆਈ ਨੂੰ ਸੀ.ਟੀ.ਸਕੈਨ ਤੋਂ ਹੇਠ ਲਿਖੇ ਕਾਰਨਾਂ ਕਰਕੇ ਵਧੀਆ ਮੰਨਿਆ ਜਾਂਦਾ ਹੈ।
(1) ਐਮ.ਆਰ.ਆਈ ਕਿਸੀ ਵੀ ਪੱਧਰ/ਤਲ 'ਤੇ ਪ੍ਰਤਿਰੂਪ ਲੈ ਸਕਦਾ ਹੈ।
(2) ਐਮ.ਆਰ.ਆਈ ਇਕੱਲੇ ਪੱਧਰ/ਤਲ ਦੇ ਪ੍ਰਤਿਰੂਪਾਂ ਨੂੰ ਮਿਲਾ ਕੇ ਤਿੰਨ-ਆਯਾਮ ਸਬੰਧੀ ਪ੍ਰਤਿਰੂਪ ਬਣਾਉਂਦਾ ਹੈ।
(3) ਐਮ.ਆਰ.ਆਈ ਅੰਗ ਵਿਗਿਆਨ ਸਬੰਧੀ ਚੱਲਣਸ਼ੀਲ ਪ੍ਰਤਿਰੂਪ ਦਿਖਾਉਂਦਾ ਹੈ।
ਉਪਰੋਕਤ ਵਿੱਚੋਂ ਕਿਹੜਾ ਕਥਨ ਸਹੀ ਹੈ/ਹਨ?
(ੳ) ਸਿਰਫ 1 (ਅ) 1, 2 ਅਤੇ 3 (ੲ) 1 ਅਤੇ 3 (ਸ) ਸਿਰਫ 3

8. ਸਾਡੇ ਸਰੀਰ ਵਿੱਚ ਰੋਗਨਾਸ਼ਕ ਅੰਸ਼ (ਐਂਟੀਬਾਡੀਜ਼) ਪੇਚੀਦਾ . . . . . ਹਨ।
(ੳ) ਪ੍ਰੋਸਟਾਗਲੈਂਡਿਨਜ਼ (ਅ) ਗਲਾਇਕੋਪ੍ਰੋਟੀਨਜ਼ (ੲ) ਲਿੱਪ੍ਰੋਟੀਨਜ਼ (ਸ) ਸਟੀਰਾਇਡਜ਼

9. ਮਲੇਰੀਆ ਦੀ ਦਵਾਈ ਕੁਨੀਨ, ਸਿਨਕੋਨਾ (Cinchona) ਪੇੜ ਤੋਂ ਬਣਦੀ ਹੈ। ਇਸ ਦਵਾਈ ਨੂੰ ਬਣਾਉਣ ਲਈ ਪੇੜ ਦਾ ਕਿਹੜਾ ਹਿੱਸਾ ਇਸਤੇਮਾਲ ਕੀਤਾ ਜਾਂਦਾ ਹੈ?
(ੳ) ਜੜ੍ਹ (ਅ) ਤਣਾ (ੲ) ਸੱਕ/ਛਿੱਲ (ਸ) ਪੱਤੇ


10. ਜਦੋਂ ਮਕੈਨਿਕੀ (ਮਕੈਨਿਕਲ) ਤਰੰਗਾਂ ਦੀ ਵਾਰੰਵਾਰਤਾ (ਫਰੀਕੁਐਂਸੀ) ਸੁਨਣਯੋਗ ਸੀਮਾ (ਰੇਂਜ) ਤੋਂ ਉੱਪਰ ਹੋਵੇ, ਤਾਂ ਇਨ੍ਹਾਂ ਨੂੰ ਕਿਹਾ ਜਾਂਦਾ ਹੈ —
(ੳ) ਸੌਨਿਕਸ (ਅ) ਇਨਫਰਾਸੌਨਿਕਸ (ੲ) ਸੁਪਰਸੌਨਿਕਸ (ਸ) ਅਲਟਰਾਸੌਨਿਕਸ

**(ਉੱਤਰ - ਸਫ਼ਾ 29 'ਤੇ)**

# ਬੋਤਾ ਬੰਨ੍ਹ ਅੰਬੀਆਂ ਦੀ ਛਾਂਵੇਂ

**ਲਖਬੀਰ ਸਿੰਘ ਦੌਦਪੁਰ**

ਪੰਜਾਬੀ ਵਿਰਸੇ, ਸੰਸਕ੍ਰਿਤੀ, ਸੱਭਿਆਚਾਰ ਦੀ ਗੱਲ ਕਰਦਿਆਂ ਸਿਰਫ਼ ਪੰਜਾਬੀ ਲੋਕ ਪਹਿਰਾਵਾ ਖਾਣ ਪੀਣ, ਰੀਤੀ ਰਿਵਾਜ਼, ਲੋਕ ਗੀਤ, ਲੋਕ-ਨਾਚ, ਧਰਮ, ਵਿਸ਼ਵਾਸ, ਸੰਦ-ਸੰਦੇੜੇ ਆਦਿ ਹੀ ਨਹੀਂ ਸਗੋਂ ਹੋਰ ਵੀ ਬਹੁਤ ਕੁਝ ਸਾਡੇ ਮਨ ਅਤੇ ਅੱਖਾਂ ਅੱਗੇ ਘੁੰਮਣ ਲੱਗ ਜਾਂਦਾ ਹੈ। ਜਿਸ ਵਿੱਚ ਪਸ਼ੂ ਪਾਲਣ ਵੀ ਸ਼ਾਮਲ ਹੈ। ਪਸ਼ੂ ਪਾਲਣ ਮਨੁੱਖੀ ਸੱਭਿਆਚਾਰ ਦਾ ਇੱਕ ਅੰਗ ਰਿਹਾ ਹੈ ਤੇ ਪੁਰਾਤਨ ਪੰਜਾਬ ਦੇ ਸੰਦਰਭ ਵਿੱਚ ਪਸ਼ੂ ਪਾਲਣ ਦਾ ਮਹੱਤਵ ਕੇਵਲ ਖੇਤੀ ਜਾਂ ਫਿਰ ਇੰਜ ਕਹਿ ਲਈਏ ਕਿ ਹੱਲ ਵਾਹੁਣ ਜਾਂ ਦੁੱਧ ਆਦਿ ਦੀ ਪ੍ਰਾਪਤੀ ਲਈ ਹੀ ਨਹੀਂ ਸਗੋਂ ਆਵਾਜਾਈ ਜਾਂ ਸਫਰ ਅਤੇ ਢੋਆ ਢੁਆਈ ਲਈ ਵੀ ਬਹੁਤ ਸੀ। ਪੰਜਾਬੀ ਜਨ ਜੀਵਨ ਵਿੱਚ ਬਲਦਾਂ, ਘੋੜੇ, ਘੋੜੀਆਂ ਤੇ ਊਠ ਆਦਿ ਨੂੰ ਆਵਾਜਾਈ, ਸਫਰ ਜਾਂ ਢੋਆ ਢੁਆਈ ਹਿੱਤ ਪ੍ਰਯੋਗ ਵਿੱਚ ਲਿਆਇਆ ਜਾਂਦਾ ਰਿਹਾ ਹੈ। ਪਸ਼ੂਆਂ ਵਿੱਚੋਂ ਊਠ ਇੱਕ ਅਜਿਹਾ ਜਾਨਵਰ ਹੈ ਜਿਸ ਦਾ ਪੰਜਾਬੀ ਜਨ ਜੀਵਨ ਵਿੱਚ ਆਰਥਿਕ ਪੱਖੋਂ ਹੀ ਨਹੀਂ ਸਗੋਂ ਸਮਾਜਿਕ ਵੀ ਮਹੱਤਵ ਬਹੁਤ ਹੈ। ਊਠ ਪ੍ਰਾਚੀਨ ਸਮੇਂ ਤੋਂ ਹੀ ਪੰਜਾਬੀ ਜਨ ਜੀਵਨ ਦੇ ਅਤਿ ਨੇੜੇ ਦਾ ਸਾਥੀ ਰਿਹਾ ਹੈ। ਊਠ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਪੰਜਾਬੀ ਵਿੱਚ ਇਸ ਨੂੰ ਊਠ ਕਹਿ ਦਿੱਤਾ ਜਾਂਦਾ ਹੈ। ਮਾਲਵੇ ਵਿੱਚ ਬੋਤਾ ਅਜਿਹਾ ਸ਼ਬਦ ਹੈ ਜੋ ਊਠ ਲਈ ਵਰਤਿਆ ਜਾਂਦਾ ਹੈ ਅਤੇ ਵਧੇਰੇ ਕਰਕੇ ਇਹ ਸ਼ਬਦ ਪੰਜਾਬੀਆਂ ਅੰਦਰ ਪ੍ਰਚੱਲਤ ਤੇ ਹਰਮਨ ਪਿਆਰਾ ਹੋ ਗਿਆ।



ਊਠਣੀ, ਬੋਤੀ, ਡਾਚੀ ਆਦਿ ਸ਼ਬਦ ਊਠ ਜਾਂ ਬੋਤੇ ਦੇ ਇਸਤਰੀ ਲਿੰਗ ਲਈ ਵਰਤੇ ਜਾਂਦੇ ਹਨ। ਹਾਸ਼ਮ ਕਿੱਸਾ 'ਸੱਸੀ ਪੁਨੂੰ' ਵਿੱਚ ਡਾਚੀ ਸ਼ਬਦ ਵਰਤਦਾ ਹੈ-

**ਜਿਸ ਡਾਚੀ ਮੇਰਾ ਪੁਨੂੰ ਚੜ੍ਹਿਆ,**
**ਮਰ ਦੋਜ਼ਖ ਵੱਲ ਜਾਵੇ**

ਊਠ ਜਾਂ ਬੋਤਾ ਇੱਕ ਅਜਿਹਾ ਜਾਨਵਰ ਹੈ ਜੋ ਕਾਫ਼ੀ ਲੰਬੇ ਸਮੇਂ ਤੋਂ ਜਾਂ ਇੰਜ ਕਹਿ ਲਈਏ ਕਿ ਹਜ਼ਾਰਾਂ ਸਾਲਾਂ ਤੋਂ ਜੀਵਨ ਲਈ ਸੰਘਰਸ਼ ਕਰਦਾ ਆ ਰਿਹਾ ਹੈ ਅਤੇ ਆਪਣੀ ਹੋਂਦ ਨੂੰ ਬਣਾਈ ਰੱਖਣ ਵਿੱਚ ਸਫ਼ਲ ਰਿਹਾ ਹੈ। ਝਾੜੀਆਂ, ਦਰੱਖਤਾਂ ਦੇ ਪੱਤੇ, ਕਿੱਕਰਾਂ ਦੀ ਲੂੰਗ ਆਦਿ ਖਾ ਕੇ ਗੁਜ਼ਾਰਾ ਕਰ ਲੈਣ ਵਾਲਾ ਇਹ ਜੀਵ ਜਟਿਲ ਜੀਵਨ ਹਾਲਤਾਂ ਵਿੱਚ ਵੀ ਆਪਣੇ ਆਪ ਨੂੰ ਜਿਊਂਦਾ ਰੱਖ ਲੈਂਦਾ ਹੈ ਅਤੇ ਪਾਣੀ ਤੇ ਭੋਜਨ ਤੋਂ ਬਿਨਾਂ ਵੀ ਕਈ ਦਿਨ ਜਿਊਂਦਾ ਰਹਿ ਸਕਦਾ ਹੈ।

ਪੁਰਾਤਨ ਪੰਜਾਬ ਵਿੱਚ ਬੋਤਾ ਮਾਨਵੀ ਜੀਵਨ ਚੱਕਰ ਵਿੱਚ ਅਹਿਮ-ਥਾਂ ਰੱਖਦਾ ਸੀ। ਇਸ ਦੀ ਮਹੱਤਤਾ ਹੋਰ ਪਸ਼ੂਆਂ ਜੋ ਖੇਤੀਬਾੜੀ ਵਿੱਚ ਕੰਮ ਆਉਂਦੇ ਸਨ ਉਨ੍ਹਾਂ ਤੋਂ ਘੱਟ ਨਹੀਂ ਸੀ। ਬਲਦ, ਘੋੜੇ, ਘੋੜੀਆਂ ਆਦਿ ਦੇ ਨਾਲ ਨਾਲ ਬੋਤਾ ਜਾਂ ਬੋਤੀ ਵੀ ਪੰਜਾਬੀ ਲੋਕਾਂ ਦੀ ਖੁੱਲ੍ਹ ਦਿਲੀ ਅਤੇ ਸ਼ਾਨ ਦੀ ਨਿਸ਼ਾਨੀ ਰਿਹਾ ਹੈ। ਹਲ਼ ਵਾਹੁਣ ਖੂਹ ਗੇੜਨ ਦਾ ਕੰਮ ਜਿੱਥੇ ਬਲਦਾਂ ਤੋਂ ਲਿਆ ਜਾਂਦਾ ਰਿਹਾ ਉੱਥੇ ਬੋਤੇ-ਬੋਤੀਆਂ ਵੀ ਇਸ ਕੰਮ ਵਿੱਚ ਸਮਾਨ ਰੂਪ ਵਿੱਚ ਵਰਤੇ ਜਾਂਦੇ ਰਹੇ। ਜਿੱਥੇ ਬਲਦ ਹਲ਼ ਵਾਹੁਣ ਵਿੱਚ ਵਰਤੇ ਜਾਂਦੇ ਉੱਥੇ ਵਧੇਰੇ ਕਰਕੇ ਬੋਤਾ ਜਾਂ ਬੋਤੀ ਖੂਹ ਗੇੜਨ ਦੇ ਕੰਮ ਵਿੱਚ ਵਰਤੇ ਜਾਂਦੇ ਹਨ ਕਿਉਂਕਿ ਇਹ ਬਲਦਾਂ ਦੇ ਮੁਕਾਬਲੇ ਵਧੇਰੇ ਤਾਕਤਵਰ ਤੇ ਭੁੱਖ ਪਿਆਸ ਸਹਿ ਲੈਣ ਵਾਲਾ ਜੀਵ ਹੈ। ਪੰਜਾਬ ਦੇ ਕਈ ਹਿੱਸਿਆਂ ਵਿੱਚ ਇਸ ਤੋਂ ਹਲ਼ ਵਾਹੁਣ ਦਾ ਕੰਮ ਵੀ ਲਿਆ ਜਾਂਦਾ ਹੈ। ਅਜਿਹਾ ਵਧੇਰੇ ਕਰਕੇ ਰੇਤੀਲੇ ਇਲਾਕਿਆਂ ਵਿੱਚ ਹੁੰਦਾ ਸੀ। ਕੋਈ ਜੱਟ ਜਦੋਂ ਰੇਤਲੇ ਟਿੱਬਿਆਂ ਨੂੰ ਵਾਹ ਕੇ ਮੈਦਾਨ ਕਰਨ ਲਈ ਬੋਤਾ ਜੋੜ ਕੇ ਚਲਦਾ ਤਾਂ ਇਹ ਆਮ ਕਰਕੇ ਗਾਇਆ ਜਾਂਦਾ :

**ਜੱਟ ਜੋੜ ਕੇ ਬਾਗੜੀ ਬੋਤਾ**
**ਟਿੱਬਿਆਂ ਨੂੰ ਵਾਹੁਣ ਚੱਲਿਆ**

ਪੁਰਾਤਨ ਪੰਜਾਬ ਅੰਦਰ ਬੋਤਾ ਪੰਜਾਬੀਆਂ ਦੀਆਂ ਖ਼ੁਸ਼ੀਆਂ ਆਦਿ ਵਿੱਚ ਵਿਸ਼ੇਸ਼ ਰੂਪ ਵਿੱਚ ਸ਼ਾਮਲ ਕੀਤਾ ਜਾਂਦਾ। ਬੋਤੇ ਅਤੇ ਬੋਤੀਆਂ ਜੰਝ ਚੜ੍ਹਨ ਵੇਲੇ ਚਾਅ ਨਾਲ ਸ਼ਿੰਗਾਰੇ ਜਾਂਦੇ। ਬੋਤੇ ਦੀ ਮੁਹਾਰ, ਕਾਠੀ ਆਦਿ 'ਤੇ ਪਿੱਤਲ ਦੇ ਕੋਕੇ ਜੜੇ ਜਾਂਦੇ। ਲੋਗੜੀ ਦੇ ਫੁੱਲ ਲਾਏ ਜਾਂਦੇ ਕੋਡੀਆਂ। ਆਦਿ

ਲਾ ਕੇ ਇਨ੍ਹਾਂ ਨੂੰ ਖ਼ੂਬ ਸ਼ਿੰਗਾਰਿਆ ਜਾਂਦਾ। ਬੋਤੀ ਦੇ ਪੈਰੀਂ ਝਾਂਜਰਾਂ ਪਾਈਆਂ ਜਾਂਦੀਆਂ। ਇਸ ਤਰ੍ਹਾਂ ਇਸ ਜਾਨਵਰ ਨੂੰ ਰੀਝ ਨਾਲ ਸ਼ਿੰਗਾਰ ਕੇ ਵਿਆਹਾਂ ਮੇਲਿਆਂ, ਰਿਸ਼ਤੇਦਾਰੀਆਂ ਆਦਿ ਵਿੱਚ ਮਾਣ ਨਾਲ ਢੁਕਿਆ ਜਾਂਦਾ ਤੇ ਉਹ ਜਲੌਅ ਬੜੇ ਮਨਮੋਹਕ ਤੇ ਵੇਖਣ ਵਾਲੇ ਹੁੰਦੇ। ਕੋਈ ਪੰਜਾਬੀ ਗੱਭਰੂ ਜਦੋਂ ਆਪਣੀ ਘਰਵਾਲੀ ਨੂੰ ਬੋਤੇ 'ਤੇ ਬਿਠਾ ਕੇ ਤੁਰਦਾ ਤਾਂ ਉਹ ਤੇਜ਼ ਰਫ਼ਤਾਰ ਤੋਂ ਡਰਦੀ ਆਖਦੀ:

**ਬੋਤਾ ਹੋਲੀ ਤੋਰ ਮਿੱਤਰਾ**
**ਮੇਰਾ ਨਰਮ ਕਾਲਜਾ ਧੜਕੇ**

ਇਸੇ ਤਰ੍ਹਾਂ ਜਦੋਂ ਕੋਈ ਗੱਭਰੂ ਆਪਣੀ ਮੁਟਿਆਰ ਘਰਵਾਲੀ ਦੇ ਪੇਕੇ ਪਿੰਡ ਨੇੜਿਓਂ ਉਸਨੂੰ ਬੋਤੇ 'ਤੇ ਬਿਠਾ ਕੇ ਲੰਘਦਾ ਤਾਂ ਉਹ ਉਸ ਕੋਲ ਆਪਣੀ ਮਾਂ ਨੂੰ ਮਿਲ ਚਲਣ ਲਈ ਆਖਦੀ ਹੋਈ ਕਹਿੰਦੀ:

**ਬੋਤਾ ਬੰਨ੍ਹ ਅੰਬੀਆਂ ਦੀ ਛਾਵੇਂ**
**ਬੇਬੇ ਜੀ ਨੂੰ ਮਿਲ ਚਲੀਏ**

ਪੰਜਾਬੀ ਪ੍ਰਾਹੁਣਚਾਰੀ ਦੇ ਸੰਦਰਭ ਵਿੱਚ ਪੰਜਾਬ ਦੀਆਂ ਲੋਕ ਬੋਲੀਆਂ, ਗੀਤਾਂ, ਟੱਪਿਆਂ ਆਦਿ ਵਿੱਚ ਵੀ ਬੋਤੇ ਦਾ ਵਿਸ਼ੇਸ਼ ਕਰਕੇ ਜ਼ਿਕਰ ਹੁੰਦਾ ਰਿਹਾ ਹੈ। ਖ਼ਾਸਕਰ ਮਾਲਵੇ ਦੇ ਲੋਕ ਕਾਵਿ ਵਿੱਚ ਬੋਤਾ ਬੜਾ ਅਹਿਮ ਸਥਾਨ ਰੱਖਦਾ ਹੈ:

**ਆ ਵੇ ਨਾਜਰਾ ਬਹਿ ਵੇ ਨਾਜਰਾ,**
**ਬੋਤਾ ਬੰਨ੍ਹ ਦਰਵਾਜ਼ੇ,**
**ਬੋਤੇ ਤੇਰੇ ਨੂੰ ਘਾਹ ਦਾ ਟੋਕਰਾ,**
**ਤੈਨੂੰ ਦੋ ਪਰਸ਼ਾਦੇ,**
**ਗਿੱਧੇ ਵਿੱਚ ਨੱਚਦੀ ਦੀ**
**ਮੇਰੀ ਧਮਕ ਪਏ ਦਰਵਾਜ਼ੇ**

ਪੁਰਾਣੇ ਸਮਿਆਂ ਵਿੱਚ ਜਿੱਥੇ ਲੱਕੜ ਕਾਠ ਦੀ ਚੋਰੀ ਆਮ ਸੀ ਉੱਥੇ ਹੀ ਮਾਲ ਡੰਗਰ ਦੀ ਚੋਰੀ ਵੀ ਆਮ ਗੱਲ ਸੀ। ਇਸ ਵਿੱਚ ਮੱਝ, ਗਾਂ, ਬੱਕਰੀ ਘੋੜੀ ਆਦਿ ਦੇ ਨਾਲ-ਨਾਲ ਬੋਤੇ ਦੀ ਵੀ ਚੋਰੀ ਸੀ ਜੋ ਬੜੀ ਸਫ਼ਾਈ ਨਾਲ ਕੀਤੀ ਜਾਂਦੀ ਤੇ ਇਸ ਤਰ੍ਹਾਂ ਦੀ ਚੋਰੀ ਕਰਨਾ ਬੜੀ ਮਾਣ ਵਾਲੀ ਗੱਲ ਸਮਝਿਆ ਜਾਂਦਾ ਸੀ। ਇਸ ਬਾਰੇ ਪੰਜਾਬੀ ਲੋਕ ਕਾਵਿ ਵਿੱਚ ਵੀ ਸੰਕੇਤ ਪ੍ਰਾਪਤ ਹੁੰਦੇ ਹਨ। ਮਲਵਈ ਬੋਲੀਆਂ ਵਿੱਚ ਇੱਕ ਬੋਲੀ ਬੜੀ ਹਰਮਨ ਪਿਆਰੀ ਕਹੀ ਜਾ ਸਕਦੀ ਹੈ:

**ਗਲੀ ਗਲੀ ਵਣਜਾਰਾ ਫਿਰਦਾ**
**ਲੱਪ ਕੁ ਸੁਰਮਾ ਲੋਰੀ ਦਾ**
**ਭਰੀ ਸਲਾਈ ਨੈਣੀ ਪਾ ਕੇ**
**ਨੈਣਾਂ ਦਾ ਦੁੱਖ ਤੋੜੀ ਦਾ**
**ਫੁੱਲਾਂ ਨਾਲ ਸ਼ਿੰਗਾਰਿਆ ਗੱਡਾ,**
**ਹੋਲ਼ੀ-ਹੋਲ਼ੀ ਤੋਰੀ ਦਾ,**
**ਮੈਂ ਨਾ ਜ਼ਾਲਮਾ ਬਹਿੰਦੀ**
**ਵੇ ਬੋਤਾ ਚੋਰੀ ਦਾ**

ਊਠ ਜਾਂ ਬੋਤੇ ਦੀ ਬਦੀ ਬੜੀ ਮਾੜੀ ਮੰਨੀ ਜਾਂਦੀ ਹੈ। ਸੁਣਿਆ ਜਾਂਦਾ ਹੈ ਕਿ ਇਹ ਜੇ ਕਿਸੇ ਦੇ ਵੈਰ ਪੈ ਜਾਵੇ ਤਾਂ ਇਹ ਖ਼ੋਰ ਨਹੀਂ ਛੱਡਦਾ। ਇਸ ਦੀ ਯਾਦਦਾਸ਼ਤ ਬੜੀ ਤੇਜ਼ ਹੁੰਦੀ ਹੈ। ਬੋਤਾ ਜੋ ਪੰਜਾਬ ਵਿੱਚ ਅਹਿਮ ਥਾਂ ਰੱਖਦਾ ਹੈ ਤੇ ਲਗਪਗ ਹਰ ਸਰਦੇ ਪੁੱਜਦੇ ਘਰ ਦੀ ਸ਼ਾਨ ਹੁੰਦਾ ਸੀ। ਕਿਸੇ ਘਰ ਪਰਿਵਾਰ ਵਿੱਚ ਜਦੋਂ ਕੋਈ ਮਨ ਮੁਟਾਵ ਹੁੰਦਾ ਤਾਂ ਧੀ ਆਪਣੇ ਬਾਪੂ ਨੂੰ ਅੱਡ ਹੋਣ ਦਾ ਸੁਨੇਹਾ ਦਿੰਦੀ ਅਤੇ ਅੱਡ ਹੋਣ 'ਤੇ ਉਸਨੂੰ ਜੋ ਚੀਜ਼ਾਂ ਪਸੰਦ ਸਨ ਉਨ੍ਹਾਂ ਨੂੰ ਬਟਵਾਰੇ ਵਿੱਚ ਲੈ ਦੇਣ ਨੂੰ ਕਹਿੰਦੀ। ਇਸ ਬਾਰੇ ਜਗਮੋਹਨ ਕੌਰ ਦਾ ਇੱਕ ਗੀਤ ਵੀ ਬੜਾ ਮਸ਼ਹੂਰ ਹੋਇਆ ਸੀ:

**ਬਾਪੂ ਵੇ ਅੱਡ ਹੁੰਨੀ ਆਂ**
**ਗੈਂ ਲੈ ਦੇ ਇੱਕ ਮੈਂਹਿ ਲੈ ਦੇ**
**ਦੋ ਬਲਦ ਟੱਲੀਆਂ ਵਾਲੇ**
**ਬੋਤੀ ਲੈ ਦੇ ਝਾਂਜਰਾਂ ਵਾਲੀ ਵੇ**
**ਅੱਡ ਹੁੰਨੀ ਆਂ**

ਇਸ ਤਰ੍ਹਾਂ ਦੇ ਪੰਜਾਬੀ ਜਨ ਮਾਨਸ ਦੇ ਜੀਵਨ ਵੀ ਤਸਵੀਰ ਪੇਸ਼ ਕਰਦੇ ਗੀਤਾਂ, ਲੋਕ ਬੋਲੀਆਂ, ਟੱਪਿਆਂ ਆਦਿ ਵਿੱਚ ਬੋਤਾ ਇੱਕ ਖ਼ਾਸ ਥਾਂ ਰੱਖਦਾ ਹੈ। ਇਹ ਜਿੱਥੇ ਪੁਰਾਣੇ ਸਮਿਆਂ ਵਿੱਚ ਕਈ ਤਰ੍ਹਾਂ ਦੇ ਕੰਮਾਂ ਕਾਰਾਂ ਵਿੱਚ ਵਰਤਿਆ ਜਾਂਦਾ ਰਿਹਾ ਉੱਥੇ ਯੁੱਧਾਂ, ਜੰਗਾਂ ਵਿੱਚ ਵੀ ਇਸ ਦੀ ਵਰਤੋਂ ਹੁੰਦੀ ਰਹੀ। ਅਜੋਕੇ ਸਮੇਂ ਪੰਜਾਬ ਦੇ ਕਈ ਇਲਾਕਿਆਂ ਵਿੱਚ ਇਸ ਨੂੰ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ। ਅੱਜ ਪੰਜਾਬ ਵਿੱਚ ਇਸ ਦੀ ਤਾਦਾਦ ਘਟਦੀ ਜਾ ਰਹੀ ਹੈ। ਹੁਣ ਸਿਰਫ਼ ਮਾਲਵੇ ਵਿੱਚ ਹੀ ਵਧੇਰੇ ਕਰਕੇ ਰਤੀਲੇ ਇਲਾਕਿਆਂ ਵਿੱਚ ਇਹ ਜੀਵ ਵੇਖਣ ਨੂੰ ਮਿਲਦਾ ਹੈ। ਅੱਜ ਨਾ ਤਾਂ ਕਿਸੇ ਨੂੰ ਬੋਤੇ ਵਰਗੇ ਜਾਨਵਰ ਨੂੰ ਰੱਖਣ ਦਾ ਸ਼ੌਕ ਹੈ ਅਤੇ ਨਾ ਹੀ ਸਫਰ ਲਈ ਇਸ ਦੀ ਸਵਾਰੀ ਵਾਸਤੇ ਸਮਾਂ ਹੈ। ਅੱਜ ਮਸ਼ੀਨੀ ਯੁੱਗ ਅਤੇ ਤੇਜ਼ ਰਫ਼ਤਾਰ ਆਵਾਜਾਈ ਦੇ ਸਾਧਨਾਂ ਨੇ ਇਨ੍ਹਾਂ ਜਾਨਵਰਾਂ ਤੇ ਇਨਸਾਨ ਵਿਚਲੇ ਸਬੰਧਾਂ ਵਿੱਚ ਪਾੜਾ ਪਾ ਦਿੱਤਾ ਹੈ, ਪਰ ਸੱਚ ਤਾਂ ਇਹ ਹੈ ਕਿ ਊਠ ਜਾਂ ਬੋਤਾ ਸਿਰਫ਼ ਕੰਮਾਂ-ਕਾਰਾਂ ਲਈ ਉਪਯੋਗੀ ਜੀਵ ਹੀ ਨਹੀਂ ਸਗੋਂ ਸਾਡੇ ਪੰਜਾਬੀ ਸੱਭਿਆਚਾਰ ਸੰਸਕ੍ਰਿਤੀ ਅਤੇ ਵਿਰਸੇ ਦਾ ਸ਼ਿੰਗਾਰ ਵੀ ਰਿਹਾ ਹੈ। ਪੰਜਾਬ ਨਾਲ ਇਸ ਦਾ ਰਿਸ਼ਤਾ ਜਿੰਨਾ ਪੁਰਾਣਾ ਰਿਹਾ ਹੈ ਓਨਾ ਹੀ ਗਹਿਰਾ ਵੀ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਸੁੱਖ ਨਿਧਾਨ (ਭੰਗ)

## ਡਾਕਟਰੀ ਨੁਕਤਾ—ਨਿਗਾਹ ਅਤੇ ਸਿੱਖੀ ਨਜ਼ਰੀਆ

ਡਾ. ਰਜਿੰਦਰ ਸਿੰਘ



ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ 'ਮਹਾਨ ਕੋਸ਼' ਵਿਚ ਸੁਖ ਨਿਧਾਨ ਦੇ ਦੋ ਅਰਥ ਦਿੱਤੇ ਮਿਲਦੇ ਹਨ। ਸ਼ਾਬਦਿਕ ਅਰਥ ਹੈ 'ਸੁਖ ਦਾ ਖਜ਼ਾਨਾ'। ਨਿਹੰਗ ਸਿੰਘ ਸੰਗਯਾ ਦੇ ਰੂਪ ਵਿਚ ਭੰਗ ਨੂੰ ਸੁਖ-ਨਿਧਾਨ ਸੱਦਦੇ ਹਨ।

ਗੁਰਬਾਣੀ ਵਿਚ ਵੀ ਇਹ ਸ਼ਬਦ ਕਈ ਥਾਈਂ ਆਇਆ ਹੈ, ਜਿਵੇਂ :

**ਸੁਖ ਨਿਧਾਨ ਹਰ ਅਲਖ ਸੁਆਮੀ ॥**

**(ਗਉੜੀ ਮ: ੫, ਪੰਨਾ ੧੮੪)**

**ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥**

**(ਗਉੜੀ ਵਾਰ ੫, ਪੰਨਾ ੩੧੯)**

ਗੁਰਬਾਣੀ ਅਨੁਸਾਰ ਵਾਹਿਗੁਰੂ ਦੀ ਮਿਹਰ (ਜੋ ਨਾਮ ਸਿਮਰਨ ਤੇ ਸ਼ੁਭ ਕਰਮਾਂ ਰਾਹੀਂ ਪ੍ਰਾਪਤ ਹੁੰਦੀ ਹੈ) ਹੀ ਸੱਚੇ ਸੁਖ ਦਾ ਸੋਮਾ ਹੈ। ਇੰਜ ਭੰਗ ਨੂੰ ਸੁਖਾਂ ਦਾ ਖਜ਼ਾਨਾ ਮੰਨਣਾ ਇਕ ਮੰਦ-ਭਾਗੀ ਸੋਚ ਹੈ।

ਭੰਗ ਵਿਚਲੇ ਨਸ਼ੀਲੇ ਤੱਤ ਨੂੰ ਟੀ.ਐੱਚ.ਸੀ. (THC of Tetrahydro-Cannabinol) ਆਖਦੇ ਹਨ। ਇਹ ਭੰਗ ਦੇ ਬੂਟੇ ਦੇ ਹਰ ਭਾਗ ਵਿਚ ਹੁੰਦਾ ਹੈ, ਪਰੰਤੂ ਸਭ ਤੋਂ ਵੱਧ ਮਾਤਰਾ ਉਪਰਲੀਆਂ ਨਮਰ ਪੱਤੀਆਂ ਤੇ ਫੁੱਲਾਂ ਵਿਚ ਹੁੰਦੀ ਹੈ।

ਨਸ਼ਾ ਲੈਣ ਦੇ ਤਿੰਨ ਤਰੀਕੇ ਜਾਂ ਰੂਪ (ਭੰਗ, ਗਾਂਜਾ ਤੇ ਚਰਸ) ਪ੍ਰਚੱਲਤ ਹਨ। ਭੰਗ, ਹਰੇ ਜਾਂ ਸੁੱਕੇ ਪੱਤੇ ਘੋਟ ਕੇ ਅਤੇ ਚੀਨੀ ਤੇ ਦੁੱਧ ਰਲਾ ਕੇ ਸ਼ਰਬਤ ਜਾਂ ਸ਼ਰਦਾਈ ਦੇ ਰੂਪ ਵਿਚ ਪੀਤੀ ਜਾਂਦੀ ਹੈ। ਕਈ ਮਰਜ਼ੀ ਅਨੁਸਾਰ ਬਦਾਮ, ਖ਼ਸਖ਼ਸ, ਇਲਾਇਚੀ ਆਦਿ ਵੀ ਸ਼ਾਮਲ ਕਰ ਲੈਂਦੇ ਹਨ। ਸੁੱਖਾ ਜਾਂ ਸੁਖ ਨਿਧਾਨ ਵੀ ਭੰਗ ਦਾ ਹੀ ਦੂਜਾ ਨਾਂ ਹੈ। ਇਸ ਨੂੰ ਪੀਣ ਤੋਂ ਘੰਟੇ ਕੁ ਬਾਅਦ ਹਲਕਾ ਨਸ਼ਾ ਛਾ ਜਾਂਦਾ ਹੈ, ਜੋ ਅੱਠ ਦਸ ਘੰਟੇ ਰਹਿ ਕੇ ਉੱਤਰ ਜਾਂਦਾ ਹੈ। ਮਿਕਦਾਰ ਜ਼ਿਆਦਾ ਹੋਣ 'ਤੇ ਗਹਿਰਾ ਨਸ਼ਾ ਵੀ ਹੋ ਸਕਦਾ ਹੈ। ਕਈ ਭੰਗ ਦੇ ਪਕੌੜੇ ਜਾਂ ਪੰਜੀਰੀ ਬਣਾ ਕੇ ਵੀ ਖਾਂਦੇ ਹਨ।

ਗਾਂਜਾ ਸੁੱਕੀਆਂ ਪੱਤੀਆਂ ਤੇ ਫੁੱਲਾਂ ਦਾ ਮਿਸ਼ਰਨ ਹੁੰਦਾ ਹੈ। ਭੰਗ ਦੇ ਪੌਦੇ ਨਰ ਤੇ ਮਦੀਨ ਦੋਨੋਂ ਤਰ੍ਹਾਂ ਦੇ ਹੁੰਦੇ ਹਨ। ਮਦੀਨ ਪੌਦਿਆਂ ਦੀਆਂ ਚੋਟੀਆਂ ਵਿਚੋਂ ਇਕ ਲੇਸਲਾ ਮਾਦਾ (resin) ਸਿੰਮਦਾ ਹੈ। ਚਰਸ ਬਣਾਉਣ ਲਈ ਇਨ੍ਹਾਂ ਨੂੰ ਤੋੜ ਕੇ ਹਥੇਲੀਆਂ ਵਿਚਕਾਰ ਮਸਲਿਆਂ

ਜਾਂਦਾ ਹੈ ਅਤੇ ਇਹ ਮਾਦਾ ਉਥੇ ਚਿਪਕ ਜਾਂਦਾ ਹੈ। ਇਸ ਨੂੰ ਚਾਕੂ ਨਾਲ ਖੁਰਚ ਕੇ ਉਤਾਰ ਲਿਆ ਜਾਂਦਾ ਹੈ ਅਤੇ ਸਿਲੀਆਂ ਬਣਾ ਲਈਆਂ ਜਾਂਦੀਆਂ ਹਨ। ਭੂਰੇ ਰੰਗ ਦੇ ਇਸ ਪਦਾਰਥ ਨੂੰ ਹੀ ਚਰਸ, ਹਸ਼ੀਸ਼ ਜਾਂ ਸੁਲਫਾ ਕਹਿੰਦੇ ਹਨ। ਇਸ ਵਿਚ ਟੀ.ਐੱਚ.ਸੀ. ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਗਾਂਜਾ ਜਾਂ ਚਰਸ ਪੀਣ ਵਾਲੇ ਇਸ ਨੂੰ ਤੰਬਾਕੂ ਨਾਲ ਰਲਾ ਕੇ ਸਿਗਰਟ ਜਾਂ ਚਿਲਮ ਵਿਚ ਸੁਲਗਾ ਕੇ ਇਸ ਦਾ ਧੂੰਆਂ ਭੱਖਦੇ ਹਨ। ਮਿੰਟਾਂ ਵਿਚ ਹੀ ਪ੍ਰਬਲ ਨਸ਼ਾ ਛਾ ਜਾਂਦਾ ਹੈ, ਜੋ ਦੋ ਤਿੰਨ ਘੰਟਿਆਂ ਤੱਕ ਬਣਿਆ ਰਹਿੰਦਾ ਹੈ।

ਭਾਰਤ ਵਿਚ ਜ਼ਿਆਦਾ ਰਿਵਾਜ਼ ਭੰਗ ਦਾ ਹੈ। ਭਾਰਤੀ ਮਿਥਿਹਾਸ ਵਿਚ ਭਗਵਾਨ ਸ਼ਿਵ ਭੰਗ, ਗਾਂਜਾ, ਧਤੂਰਾ ਆਦਿ ਦੇ ਰਸੀਏ ਦੱਸੇ ਗਏ ਹਨ। ਸ਼ਿਵਰਾਤਰੀ, ਹੋਲੀ ਆਦਿ ਤਿਉਹਾਰਾਂ 'ਤੇ ਭੰਗ ਪੀ ਕੇ ਮੌਜ-ਮਸਤੀ ਮਾਨਣ ਦੀ ਪਿਰਤ ਪਈ ਹੋਈ ਹੈ। ਨਿੱਤ ਪੀਣ ਵਾਲਿਆਂ ਵਿਚ ਸਿੱਖਾਂ ਦਾ ਨਿਹੰਗ ਫ਼ਿਰਕਾ ਵੀ ਸ਼ਾਮਲ ਹੈ। ਗਰੀਬ ਤਬਕੇ ਦੇ ਨਸ਼ੱਈ ਸ਼ਰਾਬ ਜਾਂ ਹੋਰ ਨਸ਼ਿਆਂ ਜੋਗਾ ਪੈਸਾ ਨਾ ਹੋਣ ਕਰਕੇ ਅਕਸਰ ਭੰਗ ਨਾਲ ਹੀ ਡੰਗ ਟਪਾ ਲੈਂਦੇ ਹਨ। ਇਸ 'ਤੇ ਉਨ੍ਹਾਂ ਨੂੰ ਕੁਝ ਖਰਚ ਨਹੀਂ ਕਰਨਾ ਪੈਂਦਾ, ਕਿਉਂਕਿ ਭੰਗ ਦੇ ਪੌਦੇ ਥਾਂ-ਥਾਂ ਆਪੇ ਹੀ ਉੱਗ ਆਉਂਦੇ ਹਨ।

ਗਾਂਜਾ ਤੇ ਚਰਸ ਦਾ ਸੇਵਨ ਗਿਆਨ-ਵਿਹੂਣੇ ਭੇਖੀ ਸਾਧੂਆਂ, ਪੁਜਾਰੀਆਂ ਤੇ ਉਨ੍ਹਾਂ ਦੇ ਚੇਲਿਆਂ ਵਿਚ ਆਮ ਹੈ। ਪੱਛਮੀ ਦੇਸ਼ਾਂ ਵਿਚ ਚਰਸ ਪੀਣ ਦੀ ਵਾਦੀ ਨੇ ਮਹਾਂਮਾਰੀ ਦਾ ਰੂਪ ਧਾਰਨ ਕੀਤਾ ਹੋਇਆ ਹੈ। ਯੁਵਾ ਵਰਗ ਖਾਸ ਤੌਰ 'ਤੇ ਇਸ ਦਾ ਸ਼ੌਕੀਨ ਹੈ। ਉਥੇ ਚਰਸ ਦੀ ਬਹੁਤ ਮੰਗ ਹੈ ਅਤੇ ਲਗਭਗ 10 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਵੀ ਵਿਕਦੀ ਹੈ।

ਉੱਤਰੀ ਅਫ਼ਰੀਕਾ ਅਤੇ ਏਸ਼ੀਆ ਦੇ ਕੁਝ ਦੇਸ਼ਾਂ (ਟਰਕੀ, ਲਿਬਨਾਨ, ਅਫ਼ਗਾਨਿਸਤਾਨ, ਪਾਕਿਸਤਾਨ, ਨੇਪਾਲ ਆਦਿ) ਵਿਚ ਭੰਗ ਦੀ ਨਜਾਇਜ਼ ਖੇਤੀ ਹੁੰਦੀ ਹੈ ਅਤੇ ਉਥੋਂ ਹੀ ਚਰਸ ਸਮੱਗਲ ਹੋ ਕੇ ਪੱਛਮ ਨੂੰ ਜਾਂਦੀ ਹੈ। ਹਿਮਾਚਲ ਪ੍ਰਦੇਸ਼ ਦੇ ਕੁੱਲੂ ਅਤੇ ਮੰਡੀ ਜ਼ਿਲ੍ਹਿਆਂ ਦੇ ਅੰਦਰੂਨੀ ਇਲਾਕਿਆਂ ਵਿਚ ਵੀ ਪੁਲਿਸ ਤੇ ਹੋਰ ਸੰਬੰਧਤ ਅਧਿਕਾਰੀਆਂ ਦੀ ਅਣਗਹਿਲੀ ਜਾਂ ਮਿਲੀਭੁਗਤ ਕਾਰਨ, ਇਹ ਧੰਦਾ ਖੂਬ ਚਲਦਾ ਹੈ। ਪਿਛਲੀ ਸਦੀ ਦੇ ਸਤਵੇਂ ਦਹਾਕੇ ਦੌਰਾਨ ਭਾਰੀ ਗਿਣਤੀ ਵਿਚ ਹਿੱਪੀ ਲੋਕ ਭਾਰਤ ਆਏ ਅਤੇ ਇਥੋਂ ਦੇ ਸ਼ੌਕੀਨ-ਮਿਜ਼ਾਜ ਸ਼ਹਿਰੀ ਮੁੰਡਿਆਂ-ਕੁੜੀਆਂ ਨੂੰ ਚਰਸ ਦੀ ਚਾਟ ਲਾ ਗਏ। ਪਾਠਕਾਂ ਨੇ 'ਹਰੇ ਰਾਮਾ ਹਰੇ ਕ੍ਰਿਸ਼ਨਾ' ਨਾਮੀ ਫ਼ਿਲਮ ਵਿਚ ਉਨ੍ਹਾਂ ਦੁਆਰਾ ਸਥਾਪਤ ਚਰਸ ਮੰਡਲੀਆਂ ਦੇ ਦ੍ਰਿਸ਼ ਦੇਖੇ ਹੋਣਗੇ। ਹੁਣ ਵੀ ਹਿੱਪੀ ਸੈਲਾਨੀ ਬਣ ਕੇ, ਪ੍ਰੰਤੂ ਤਸਕਰੀ ਦੇ ਉਦੇਸ਼ ਨਾਲ ਇਥੇ ਆਉਂਦੇ ਰਹਿੰਦੇ ਹਨ।

**ਨਸ਼ੇ ਵਿਚਲੀ ਮਨੋਸਥਿਤੀ :**

ਨਸ਼ੇ ਦੌਰਾਨ ਬੰਦਾ ਮਸਤੀ-ਭਰੀ ਸੁਪਨ ਅਵਸਥਾ ਵਿਚ ਵਿਚਰ ਰਿਹਾ ਹੁੰਦਾ ਹੈ। ਖੁਲ੍ਹਾ-ਡੁਲ੍ਹਾ, ਸ਼ਾਂਤ ਤੇ ਪ੍ਰਸੰਨ ਮਹਿਸੂਸ ਕਰਦਾ ਹੈ। ਗੱਲਾਂ ਬਹੁਤ ਕਰਨ ਅਤੇ ਬੇਮਤਲਬ ਹੱਸਣ ਦਾ ਰੁਝਾਨ ਹੁੰਦਾ ਹੈ। ਕਈ ਵਾਰ ਬੇਤੁਕੀਆਂ ਮਾਰਦਾ ਉਹ ਕਿਧਰ ਦਾ ਕਿਧਰੇ ਪਹੁੰਚ ਜਾਂਦਾ ਹੈ। ਅਸਲੀਅਤ ਨਾਲ ਨਾਤਾ ਕਾਫੀ ਹੱਦ ਤੱਕ ਟੁੱਟ ਜਾਂਦਾ ਹੈ। ਤਰ੍ਹਾਂ-ਤਰ੍ਹਾਂ ਦੇ ਮਿਥਿਆ-ਆਭਾਸ ਪੈਦਾ ਹੁੰਦੇ ਹਨ। ਵਕਤ ਦੀ ਰਫ਼ਤਾਰ ਥੰਮ੍ਹ ਗਈ ਜਾਪਦੀ ਹੈ। ਸੰਵੇਦਨਾਵਾਂ ਤੀਬਰ ਹੋ ਉੱਠਦੀਆਂ ਹਨ। ਆਲਾ-ਦੁਆਲਾ ਵਧੇਰੇ ਸੁਹਾਵਣਾ ਜਾਪਣ ਲੱਗਦਾ ਹੈ ਅਤੇ ਉਸ ਵਿਚਲੀਆਂ ਚੀਜ਼ਾਂ ਦੇ ਨਕਸ਼ ਤੇ ਆਕਾਰ ਜ਼ਿਆਦਾ ਉੱਘੜ ਆਉਂਦੇ ਹਨ। ਰੰਗ ਸ਼ੋਖ ਤੇ ਸੁਗੰਧੀਆਂ ਤੇਜ਼ ਹੋ ਨਿਬੜਦੀਆਂ ਹਨ। ਆਵਾਜ਼ਾਂ ਉੱਚੀਆਂ ਤੇ ਸੰਗੀਤ ਅਸਲੋਂ ਵੱਧ ਸੁਰੀਲਾ ਸੁਣਦਾ ਹੈ। ਅੱਖਾਂ ਚੜ੍ਹੀਆਂ ਹੋਈਆਂ ਤੇ ਲਾਲ ਹੁੰਦੀਆਂ ਹਨ। ਭੁੱਖ ਵੱਧ ਲੱਗਦੀ ਹੈ ਅਤੇ ਮਿੱਠੀਆਂ ਚੀਜ਼ਾਂ ਖਾਣ ਦੀ ਰੁਚੀ ਹੁੰਦੀ ਹੈ। ਮੂਡ ਤੇ ਮਾਹੌਲ ਅਨੁਸਾਰ ਕਈ ਵਾਰ ਬੰਦਾ ਅੰਤਰਮੁਖੀ ਵੀ ਹੋ ਜਾਂਦਾ ਹੈ। ਕਈਆਂ ਨੂੰ ਅਸੀਂ ਇਹ ਕਹਿੰਦਿਆਂ ਵੀ ਸੁਣਿਆ ਹੈ ਕਿ ਸੁਖਨਿਧਾਨ ਛਕ ਕੇ ਉਨ੍ਹਾਂ ਦੀ ਬਿਰਤੀ ਪ੍ਰਭੂ-ਭਗਤੀ ਵਿਚ ਖੂਬ ਜੁੜਦੀ ਹੈ ਅਤੇ ਅਨੂਠੇ ਪਰਮਾਰਥਕ ਅਨੁਭਵ ਪ੍ਰਾਪਤ ਹੁੰਦੇ ਹਨ, ਪਰੰਤੂ ਇਹ ਉਨ੍ਹਾਂ ਦੇ ਭ੍ਰਾਮਕ ਆਭਾਸ ਹੁੰਦੇ ਹਨ। ਗੌਰ ਨਾਲ ਸੁਣਿਆਂ ਉਨ੍ਹਾਂ ਦੀ ਵਾਰਤਾਲਾਪ ਤੋਂ ਨਾ ਤਾਂ ਉਨ੍ਹਾਂ ਦੇ ਸੂਝਵਾਨ ਤੇ ਵਿਦਵਾਨ ਹੋਣ ਦਾ ਝਾਂਵਲਾ ਪੈਂਦਾ ਹੈ ਅਤੇ ਨਾ ਹੀ ਨਾਮ-ਅਭਿਆਸੀ ਹੋਣ ਦਾ। ਦਰਅਸਲ ਨਸ਼ੇ ਵਿਚ ਬੁੱਧੀ, ਯਾਦਾਸ਼ਤ ਤੇ ਇਕਾਗਰਤਾ ਦੀ ਪੱਧਰ ਨੀਵੀਂ ਹੋ ਜਾਂਦੀ ਹੈ। ਬੰਦਾ ਗੰਭੀਰ ਤੇ ਸਪਸ਼ਟ ਚਿੰਤਨ ਅਤੇ ਕੁਸ਼ਲਤਾ-ਪੂਰਵਕ ਬਰੀਕੀ ਵਾਲੇ ਕੰਮ ਕਰਨ ਯੋਗ ਨਹੀਂ ਰਹਿੰਦਾ, ਭਾਵੇਂ ਸਮਝਦਾ ਉਹ ਆਪਣੇ ਆਪ ਨੂੰ ਸਾਵਧਾਨ, ਚੇਤੰਨ ਤੇ ਸਰਵ-ਸੰਪੰਨ ਹੈ।

ਕਈ ਵਾਰ ਨਸ਼ੇ ਵਿਚਲੇ ਅਨੁਭਵ ਖੁਸ਼ਗਵਾਰ ਨਹੀਂ ਹੁੰਦੇ। ਸ਼ੁਰੂ-ਸ਼ੁਰੂ ਵਿਚ ਕਈ ਤਲਖ਼ੀ ਤੇ ਬੇਚੈਨੀ ਮਹਿਸੂਸ ਕਰਦੇ ਹਨ ਅਤੇ ਸਿਰ ਚਕਰਾਉਣ ਦੀ ਸ਼ਿਕਾਇਤ ਕਰਦੇ ਹਨ। ਬਹੁਤ ਜ਼ਿਆਦਾ ਭੰਗ, ਗਾਂਜਾ ਜਾਂ ਚਰਸ ਪੀ ਲੈਣ 'ਤੇ ਵੀ ਅਮਲੀਆਂ ਦਾ ਮਾਨਸਕ ਸੰਤੁਲਨ ਅਜਿਹਾ ਵਿਗੜਦਾ ਹੈ ਉਹ ਮਦਹੋਸ਼ੀ ਵਿਚ ਅੱਭੜਵਾਹੇ ਦੌੜ ਪੈਂਦੇ ਹਨ ਅਤੇ ਸਾਹਮਣੇ ਜੋ ਕੋਈ ਵੀ ਆਉਂਦਾ ਹੈ, ਉਸ 'ਤੇ ਕਾਤਲਾਨਾ ਹਮਲਾ ਕਰ ਦੇਂਦੇ ਹਨ।

(ਸਫ਼ਾ 25 ਦੀ ਬਾਕੀ)

## ਆਓ ਜਾਣੀਏ !

**ਉੱਤਰ** - (1) ਸ (2) ੲ (3) ਅ (4) ਅ (5) ਸ (6) ਸ (7) ੳ (8) ਅ (9) ੲ (10) ਸ

# ਕਾਵਿ-ਕਿਆਰੀ

## ਜੋਤਸ਼ੀ/ਹਰਬਖ਼ਸ਼ ਸਿੰਘ ਟਾਹਲੀ (ਲਫ਼ਜ਼ਾਂ ਦੀ ਲੋਏ ਲੋਏ)



ਗੁਰਦੁਆਰੇ ਮੱਥਾ ਟੇਕਿਆ
ਤੇ ਕੀਤੀ ਸੀ ਉਸ ਨੇ ਅਰਦਾਸ
ਆਪਣੇ ਡੋਲਦੇ ਜੀਵਨ ਨੂੰ
ਸਥਿਰ ਕਰਨ ਦੀ
ਬੜਾ ਵਿਆਕੁਲ ਸੀ
ਸਮਝਦਾ ਤੇ ਸੀ ਕਿ
ਗੁਰੂ ਦੇ ਹੁਕਮ ਬਿਨਾ
ਝੁਲਦਾ ਨਹੀਂ ਪੱਤਾ
ਪਰ ਬਾਹਰ ਪੀਆਂ ਅਖ਼ਬਾਰਾਂ ਦੇ ਢੇਰ 'ਚੋਂ
ਚੁੱਕੀ ਸੀ ਉਸ ਨੇ ਉਹ ਅਖ਼ਬਾਰ
ਜਿਸ ਵਿਚ ਛਪਦੇ ਹਨ ਅਕਸਰ ਇਸ਼ਤਿਹਾਰ
ਜੋਤਸ਼ੀਆਂ ਪੰਡਤਾਂ ਅਤੇ ਪੀਰਾਂ ਦੇ
ਉਹ ਚੌਵੀ ਘੰਟਿਆਂ ਵਿਚ ਕਰਦੇ ਹਨ
ਹਰ ਮਸਲੇ ਦਾ ਹੱਲ
ਗੁਰੂ ਦੇ ਫਲਸਫ਼ੇ ਨਾਲ ਪਿਆਰ ਤੇ ਸੀ
ਪਰ ਵਿਸ਼ਵਾਸ ਖਿਸਕ ਗਿਆ
ਅਖ਼ਬਾਰ ਤੋਂ ਪਤਾ ਨੋਟ ਕੀਤਾ
ਸੋਚਿਆ ਫ਼ੋਨ ਕਰਾਂਗਾ।
ਤੇ ਭੇਜ ਕੇ ਦੇਖ ਲਵਾਂਗਾ ਇਕ ਚੈੱਕ।

*****

## ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ

**ਬਲਵਿੰਦਰ 'ਬਾਲਮ' ਗੁਰਦਾਸਪੁਰ**

ਸੁੰਦਰਤਾ ਦਾ ਤਾਜ ਪਹਿਨ ਕੁਦਰਤ ਦੇ ਦਰਪਣ ਵਿਚ।
ਫੁੱਲਾਂ ਦੀ ਸ਼ਹਿਜਾਦੀ ਬਣ ਕੇ ਸਾਰੇ ਗੁਲਸ਼ਨ ਵਿਚ।
ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ।
ਆਪਣੀ ਸੁੰਦਰ ਮਾਂਗ 'ਚ ਭਰ ਕੇ ਸੱਚਾ-ਸੁੱਚਾ ਪਿਆਰ।
ਗੋਟੇ ਵਾਲੀ ਚੁੰਨੀ ਲੈ ਕੇ ਕਰਕੇ ਹਾਰ ਸ਼ਿੰਗਾਰ।
ਦੁਲਹਨ ਦੇ ਵਾਂਗੂੰ ਘੁੰਡ 'ਚੋਂ ਸ਼ਰਮਾਈ ਫੇਰ ਬਸੰਤ।
ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ।
ਸਰਦੀ ਨੂੰ ਮੁੜ ਤਾਲਾ ਲਾ ਕੇ, ਲਾਹ ਕੇ ਗਰਮ ਰਜਾਈ।
ਕੋਸੇ-ਕੋਸੇ ਪਾਣੀ ਵਰਗੀ ਸੱਜਰੀ ਰੁੱਤ ਲਿਆਈ।
ਰੀਝਾਂ, ਸਧਰਾਂ, ਚਾਂਵਾਂ ਨਾਲ ਬੁਲਾਈ ਫੇਰ ਬਸੰਤ।
ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ।
ਅੰਬਰ ਦੇ ਵਿਚ ਰੰਗ ਬਰੰਗੀਆਂ ਉਡਣ ਵੇਖ ਪਤੰਗਾਂ।
ਜਿਉਂ ਅੰਬਰ ਵਿਚ ਚਿੱਤਰਕਾਰੀ ਕੀਤੀ ਹੋਵੇ ਰੰਗਾਂ।
ਆ-ਬੋ-ਈ-ਓ ਪੇਚਿਆਂ ਨਾਲ ਸਜਾਈ ਫੇਰ ਬਸੰਤ।
ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ।
ਸਾਂਝ ਪਰੀਤਾਂ ਦਾ ਸੰਦੇਸ਼ਾਂ ਇਸ ਦੀ ਝੋਲੀ ਅੰਦਰ।
ਜਿੱਦਾਂ ਹੋਵੇ ਮੱਖਣ-ਖੰਡ ਪੰਜਾਬੀ ਬੋਲੀ ਅੰਦਰ।
ਏਦਾਂ ਚਾਰ-ਚੁਫੇਰੇ ਅੱਜ ਮਹਿਕਾਈ ਫੇਰ ਬਸੰਤ।
ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ।
ਯਾਦ ਪੁਰਾਣੀ ਦਿਲ ਵਿਚ 'ਬਾਲਮ' ਉਘੜ ਆਈ ਮੁੜਕੇ।
ਖਵਰੇ ਕਾਗ਼ਜ਼ ਵਾਲੀ ਬੇੜੀ ਕਿੱਥੋਂ ਆ ਗਈ ਰੁੜ੍ਹਕੇ।
ਕਿਣ-ਮਿਣ, ਕਿਣ-ਮਿਣ ਬਾਰਿਸ਼ ਵਿਚ ਨਹਾਈ ਫੇਰ ਬਸੰਤ।
ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ।

*****

## ਕੁਝ ਸੋਚੀਏ ਦੇਸ ਪੰਜਾਬ ਲਈ/ਮਨਮੋਹਨ ਸਿੰਘ ਦਾਊਂ

ਵਿਹੜੇ ਵਿਚ ਸੁੰਨ ਹੈ ਪਰਸ ਗਈ,
ਗੁਆਂਢੀ ਦੀ ਰੂਹ ਹੈ ਤਰਸ ਗਈ।
ਸਾਂਝਾਂ ਦੀ ਤਾਣੀ ਹਰਸ ਗਈ,
ਨਾ ਮੱਲ੍ਹਮ ਜ਼ਖ਼ਮਾਂ ਦੀ ਤਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਬਿਰਖ਼ਾਂ 'ਤੇ ਆਈ ਉਦਾਸੀ ਹੈ,
ਬੰਦਿਆਂ 'ਚੋਂ ਗੁੰਮੀ ਹਾਸੀ ਹੈ,
ਉਹ ਕਿਹੜੇ ਵਤਨ ਦਾ ਵਾਸੀ ਹੈ,
ਪੁੱਛੇ ਜੋ ਧਰਤ ਗੁਲਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਕੰਜਕਾਂ ਨੂੰ ਕੋਹਣਾ ਪਾਪ ਬੜਾ,
ਕਿਉਂ ਵਾਪਰਿਆ ਇਹ ਸੰਤਾਪ ਬੜਾ,
ਸੁਣ ਮਿੱਟੀ ਚੜ੍ਹਿਆ ਤਾਪ ਬੜਾ,
ਰੁਲ-ਖੁਲ ਗਏ ਅੱਲ੍ਹੜ ਖੁਆਬ ਕਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਆਬਾਂ ਦੇ ਪਾਣੀ ਸੁੱਕ ਰਹੇ,
ਪੰਛੀ ਤੇ ਰੁੱਖ ਕਈ ਮੁੱਕ ਰਹੇ,
ਚੁੱਲ੍ਹੇ ਨਾ ਪੱਕਦੇ ਟੁੱਕ ਰਹੇ,
ਘਰ ਰੋਂਦਾ ਸ਼ਰਮ ਲਿਹਾਜ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਗਭਰੂ ਤਾਂ ਜਾ ਪ੍ਰਦੇਸ ਰਹੇ,
ਪਿੰਡਿਆਂ 'ਤੇ ਉਹ ਨਾ ਵੇਸ ਰਹੇ,
ਨਾ ਰਿਸ਼ੀ, ਫਕੀਰ, ਦਰਵੇਸ਼ ਰਹੇ,
ਵੈਰੀ ਫਿਰਦਾ ਹੱਥ ਤੇਜ਼ਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਮਾਂ ਬੋਲੀ ਤੋਂ ਸ਼ਰਮਾਉਂਦੇ ਹੋ,
ਕਿਉਂ ਕੂੜ ਦਾ ਵਣਜ ਕਮਾਉਂਦੇ ਹੋ,
ਸੱਚ ਬੋਲਣ ਤੋਂ ਘਬਰਾਉਂਦੇ ਹੋ,
ਕੋਈ ਆਇਆ ਵੇਖ ਰਬਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਹਰ ਕੋਈ ਵਿਆਕੁਲ ਹੋਇਆ ਹੈ,
ਕਿਉਂ ਚੈਨ ਮਨਾਂ ਦਾ ਖੋਇਆ ਹੈ,
ਪਿੰਡ ਲੱਗੇ ਜਿਕੂੰ ਮੋਇਆ ਹੈ,
ਬੱਚਾ ਰੋਂਦਾ ਫੱਟੀ ਕਿਤਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਨਾ ਮਾਂ ਤੋਂ ਦੁੱਖੜੇ ਝੱਲ ਹੋਏ,
ਨਾ ਮਾਰੂ ਝੱਖੜ ਠੱਲ੍ਹ ਹੋਏ,
ਨਾ ਮਸਲੇ ਸਾਡੇ ਹੱਲ ਹੋਏ,
ਕੌਣ ਸੋਚੂ ਹਾਲ ਖਰਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਕਿਉਂ ਖੁਦਕਸ਼ੀਆਂ ਕਰਦਾ ਅੰਨਦਾਤਾ,
ਧਰਤੀ ਤੋਂ ਕਿਹੜੀ ਵੱਡ ਮਾਤਾ,
ਨਵੀਂ ਸੋਚ ਦਾ ਕਰੀਏ ਜਗਰਾਤਾ,
ਹੱਲ ਕਰਨੇ ਪੈਣੇ ਹਿਸਾਬ ਕਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਸ਼ਾਲਾ ! ਇਲਮ, ਹੁਨਰ ਸੰਭਾਲ ਹੋਵੇ,
ਕਿਉਂ ਕਿਰਤੀ ਕਾਮਾ ਕੰਗਾਲ ਹੋਵੇ,
ਗੰਧਲਾ ਇਹ ਰਾਜ ਹੰਗਾਲ ਹੋਵੇ,
ਮਾਲੀ ਸੋਚੋ ਫ਼ਸਲ ਗੁਲਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਵਰਖਾ ਦੀਆਂ ਰਹਿਮਤਾਂ ਖੁੱਸ ਗਈਆਂ,
ਸ਼ਿਵਾਲਿਕ ਦੀਆਂ ਪਹਾੜੀਆਂ ਰੁੱਸ ਗਈਆਂ,
ਛਾਬੇ ਵਿਚ ਰੋਟੀਆਂ ਬੁੱਸ ਗਈਆਂ,
ਆ ਕਰੀਏ ਦੁਆਬਾਂ ਸ਼ਬਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਸਾਡਾ ਸੱਭਿਆਚਾਰ ਪਿਆਰਾ ਹੈ,
ਸਾਰੇ ਜੱਗ ਤੋਂ ਡਾਢਾ ਨਿਆਰਾ ਹੈ,
ਬਿਰਖਾਂ ਲਈ ਮਿੱਟੀ ਸਹਾਰਾ ਹੈ,
ਕੁਝ ਕਰੀਏ ਇਹ ਦੀ ਆਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

ਸਮਿਆਂ ਨੇ ਪਾਈਆਂ ਲਾਸਾਂ ਨੇ,
ਪਰ ਜਿਉਂਦੀਆਂ ਸਾਡੀਆਂ ਆਸਾਂ ਨੇ,
ਵੱਸੇ ਆਲਮ, ਇਹੋ ਖਾਹਸ਼ਾਂ ਨੇ,
ਕਰ ਚੰਗਾ ਇਸ ਦੇ ਬਾਬ ਲਈ।
ਕੁਝ ਸੋਚੀਏ ਦੇਸ਼ ਪੰਜਾਬ ਲਈ...

*****

## ਸ਼ਬਦਾਂ ਦੇ ਸੰਜੋਗ

### ਰੱਬ/ਹਰਬਖ਼ਸ਼ ਸਿੰਘ ਟਾਹਲੀ

ਮਹਿਬੂਬ ਅਤੇ ਗੁਰੂ, ਰੱਬ ਵਰਗੇ ਹੁੰਦੇ ਹਨ
ਪਰ ਰੱਬ ਨਹੀਂ ਹੁੰਦੇ।
ਮਹਿਬੂਬ ਦੇ ਮੁੱਖ ਤੋਂ ਰੱਬ ਦੇ ਮੁੱਖ ਦੀ ਪਛਾਣ ਹੁੰਦੀ ਹੈ
ਅਤੇ ਗੁਰੂ ਦਾ ਗਿਆਨ ਰੱਬ ਦੇ ਉਸ
ਦਰਵਾਜ਼ੇ ਵੱਲ ਇਸ਼ਾਰਾ ਕਰਦਾ ਹੈ
ਜਿੱਥੋਂ ਵਿਸ਼ਾਲਤਾ ਦੇ ਭੇਦ ਖੁੱਲ੍ਹਦੇ ਹਨ
ਅਤੇ ਅਨੰਤ ਵੱਲ ਨੂੰ ਝਾਤੀ ਵੱਜਦੀ ਹੈ
ਮਹਿਬੂਬ ਅੱਖਾਂ ਰਾਹੀਂ ਦਿਲ 'ਤੇ ਵਾਰ ਕਰਦਾ ਹੈ
ਗੁਰੂ ਬੁੱਧੀ ਉੱਤੇ ਅਸਰ ਕਰਦਾ ਹੈ
ਅਤੇ ਮਨੁੱਖੀ ਚੇਤਨਾ ਦਾ ਕਾਇਆ ਕਲਪ ਕਰ ਦਿੰਦਾ ਹੈ
ਗੁਰੂ ਬਿਨਾਂ ਗਿਆਨ ਸੰਭਵ ਨਹੀਂ
ਅਤੇ ਗਿਆਨ ਬਿਨਾਂ ਰੱਬ ਤੱਕ ਪਹੁੰਚ ਨਹੀਂ ਬਣਦੀ।
ਪਰ ਪਤੰਗੇ ਨੂੰ ਗੁਰੂ ਦੀ ਲੋੜ ਨਹੀਂ ਹੁੰਦੀ।
ਪਤੰਗਾ ਤਾਂ ਸਾਕਾਰ ਹੋਇਆ ਆਸ਼ਕ ਹੁੰਦਾ ਹੈ
ਜੋ ਆਪਣੀ ਸ਼ਮ੍ਹਾ ਤੋਂ ਸੜ ਮਰਨ ਦਾ ਟੀਚਾ ਮਿਥਦਾ ਹੈ।
ਆਸ਼ਕ ਨੂੰ ਕੋਈ ਲੱਖ ਸਮਝਾਏ
ਪਰ ਉਹ ਆਸ਼ਕ ਕਾਹਦਾ ਜੋ ਸੋਚਦਾ ਹੈ ਨਫੇ ਨੁਕਸਾਨ ਦੀ ਗੱਲ
ਆਸ਼ਕ ਦਾ ਕੋਈ ਗੁਰੂ ਨਹੀਂ ਹੁੰਦਾ
ਉਹ ਸਾਹਮਣੇ ਦੇਖੇ ਮਹਿਬੂਬ ਤੋਂ ਕੁਰਬਾਨ ਹੁੰਦਾ ਹੈ
ਰੱਬ, ਕੁਰਬਾਨ ਹੋ ਕੇ ਮਿਲਦਾ ਹੈ ਜਾਂ ਗਿਆਨ ਨਾਲ
ਰੱਬ ਦੀਆਂ ਰੱਬ ਜਾਣੇ... ਕਿਉਂਕਿ
ਮਹਿਬੂਬ ਅਤੇ ਗੁਰੂ, ਰੱਬ ਵਰਗੇ ਹੁੰਦੇ ਹਨ ਪਰ ਰੱਬ ਨਹੀਂ ਹੁੰਦੇ।

# हॉबी

मनप्रीत कौर सहोता

हॉबी का मतलब है - शौक। हॉबी एक प्राकृतिक गुण है। सबकी अपनी-अपनी हॉबी होती है। जोनिफ़र को कढाई का शौक है। हर व्यक्ति का कोई-न-कोई शौक होता है। जब आप अपने आस-पास के लोगों की आदतों को ध्यान से देखेंगे तो आपको पता चलेगा कि लोगों में तरह-तरह के शौक होते है। किसी को पतंग उड़ाने का शौक होता है तो किसी को क्रिकेट खेलने का। किसी को कुत्ते पालने का शौक होता है, तो किसी को कबूतर पालने का। अनेक लोग डाक-टिकटों का संग्रह करते है। डाक-टिकट संग्रह की हॉबी रखने वाले लोग अपनी मनपसंद डाक-टिकट को पाने के लिए अधिक धन भी खर्च कर देते हैं। डाक-टिकट संग्रह करने वाले अधिकतर लोग पुराने और इस्तेमाल किए हुए डाक-टिकटों को संग्रह करते है। जब डाक विभाग कोई नया टिकट निकालता है तो संग्रह करने वाले लोग उस टिकट को खरीदने के लिए उतावले हो जाते है। डाक-टिकटों का संग्रह अलबम में किया जाता है। तितलियों का संग्रह करने की हॉबी तो पूरे संसार में पाई जाती है लोग रंग-बिरंगी तितलियों को अलबम में चिपकाकर रखते है। तितलियों वाले अलबम को कपड़ा बनाने वाली मिलें खरीद लेती है।

तितलियों के पंखों के डिज़ाइन को देखकर कपड़ों के नए-नए डिज़ाइन बनाए जाते है। बहुत से लोगों को सिक्कों का संग्रह करने का शौक होता है। सिक्कों का संग्रह करने वाले लोग पुराने सिक्कों की खोज में लगे रहते है। हम अपने घरों में भी देखते हैं कि किसी को खाना बनाने का शौक होता है तो किसी को बागवानी का। किसी को रंगोली बनाने का तो किसी को चित्रकारी का। हर व्यक्ति की कोई-न-कोई हॉबी अवश्य ही होनी चाहिए। हॉबी के कारण खाली समय का पता ही नहीं चलता और कुछ न कुछ सीखने को भी मिलता है। अपनी हॉबी को अवश्य पूरा करना चाहिए।

## साँच बराबर तप नहीं

साँच यानि सत्य को सबसे बड़ा तप और झूठ को सबसे बड़ा पाप माना गया है । सत्य में अद्‌भूत शक्ति होती है। कोई चाहे लाख कोशिश कर ले, अंत में सत्य की जीतता है। झूठ कभी जीतता भी है तो यह जीत स्थायी नहीं होती। इसलिए ज्ञानी लोग सच को धारण करने की सीख देते है और झूठ से दूरी बनाए रखने के लिए कहते है। गाँधी जी ने सत्य को अपनाया और सुकरात सच की खातिर गरल पी गए। झूठा आरोप लगाने वाले विश्वामित्र हार गए और सत्यवादी हरिशचद्र जीत गए। अत : सत्य के मार्ग पर चलना ही अच्छा है। इस मार्ग पर कठिमाइयाँ आएँ तो भी घबराना नहीं चाहिए। सच्चाई का सामाना करने से आत्मा को संतुष्टि मिलती है और मन में साहस, धैर्य जैसे गुणों का वास होता है इन्ही कारणों से ज्ञानी जन साँच को सबसे बड़ी तपस्या मानते है।

**सिमरनदीप कौर**

## न कुचलो नन्हीं कलियाँ

वंश-वंश करते मानव तुम
वंश बेल को काट रहे हो
एक फल की चाहत में तुम
पूरा बाग उजाड़ रहे हो
फूल रहे न धरती पर तो
फूल तुम कैसे पाओगे
अंश काट कर अपना तुम
कैसे वंश बढ़ाओगे।
उम्र की ढलती शाम में जब
बेटा खड़ा न होगा साथ
याद करोगे वंश को अपने
खुद मारा जिसको अपने हाथ
न कुचलो नन्हीं कलियाँ को
उनको भी जग में आने दो
बनकर फूल खिलेंगी एक दिन
जीवन उनको पाने दो।

**सुनील**

# Banda Singh Bahadur



Banda Singh Bahadur (born Lachman Dev) (27 October 1670 – 9 June 1716), was a Sikh warrior and a commander of Khalsa army. At age 15, he left home to become an ascetic, and was given the name Madho Das Bairagi. He established a monastery at Nanded, on the bank of the river Godavari. In 1707, Guru Gobind Singh accepted an invitation to meet Bahadur Shah I in southern India. He visited Banda Singh Bahadur in 1708. Banda became disciple of Guru Gobind Singh and was given a new name, Banda Singh Bahadur, after the Baptism Ceremony. He was given five arrows by the Guru as a blessing for the battles ahead. He came to Khanda in Sonipat and assembled a fighting force and led the struggle against the Mughal Empire.

His first major action was the sacking of the Mughal provincial capital, Samana, in November 1709. After establishing his authority and Khalsa rule in Punjab, Banda Singh Bahadur abolished the zamindari system, and granted property rights to the tillers of the land. Banda Singh was captured by the Mughals and tortured to death in 1715–1716.

Banda Singh Bahadur was born in a Dogra Rajput family of Bhardwaj gotra to farmer Ram Dev, at Rajouri (now in Jammu and Kashmir). Hakim Rai's Ahwal-i-Lachhma? Das urf Banda Sahib ("Ballad of Banda Bahadur") claims that his family belonged to the Sodhi sub-caste of the Khatris. However, this claim appears to have been an attempt to portray him as Guru Gobind's successor, since the preceding Sikh Gurus were Sodhis.



After meeting with Guru Gobind Singh, he marched towards Khanda and fight the Mughals with the help of the Sikh army in Battle of Sonipat.

In 1709, he defeated Mughals in the Battle of Samana and captured the Mughal city of Samana (30 km southwest of Patiala). Samana minted coins. With this treasury, the Sikhs became financially stable. The Sikhs soon siezed Mustafabad (now Saraswati Nagar) and Sadaura (both places in present Yamunanagar district, Northern eastern Haryana). The Sikhs then captured the Cis-Sutlej areas of Punjab, including Malerkotla and Nahan.

On 12 May 1710, in the Battle of Chappar Chiri, the Sikhs killed Wazir Khan, the Governor of Sirhind and Dewan Suchanand, who were responsible for the martyrdom of the two youngest sons of Guru Gobind Singh. Two days later, the Sikhs captured Sirhind. Banda Singh was now in control of territory from the Sutlej to the Yamuna. He ordered that the ownership of the land should be given to the farmers and to let them live in dignity and self-respect.

**MILITARY INVASIONS -** Banda Singh Bahadur developed the village of Mukhlisgarh and made it his capital. He then renamed it to Lohgarh (fortress of steel) where he issued his own mint. The coin described Lohgarh: "Struck in the City of Peace, illustrating the beauty of civic life, and the ornament of the blessed throne".

He briefly established a state in Punjab for half a year. Banda Singh sent Sikhs to the Uttar

Pradesh and Sikhs took over Saharanpur, Jalalabad, Muzaffarnagar and other nearby areas.

**REVOLUTIONARY -** Banda Singh Bahadur is known to have halted the Zamindari and Taluqdari system in the time he was active and gave the farmers proprietorship of their own land. It seems that all classes of government officers were addicted to extortion and corruption and the whole system of regulatory and order was subverted.

Local tradition recalls that the people from the neighborhood of Sadaura came to Banda Singh complaining of the iniquities practices by their landlords. Banda Singh ordered Baj Singh to open fire on them. The people were astonished at the strange reply to their representation and asked him what he meant. He told them that they deserved no better treatment when being thousands in number they still allowed themselves to be cowed down by a handful of Zamindars. He defeated the Sayyids and Shaikhs in the Battle of Sadhaura.

**PERSECUTION FROM THE MUGHALS -** The rule of the Sikhs over the entire Punjab east of Lahore obstructed the communication between Delhi and Lahore, the capital of Punjab, and this worried Mughal Emperor Bahadur Shah He gave up his plan to subdue rebels in Rajasthan and marched towards Punjab.

The entire Imperial force was organized to defeat and kill Banda Singh Bahadur. All the generals were directed to join the Emperor's army. To ensure that there were no Sikh agents in the army camps, an order was issued on 29 August 1710 to all Hindus to shave off their beards.


Banda Singh was in Uttar Pradesh when the Moghal army under the orders of Munim Khan marched to Sirhind and before the return of Banda Singh, they had already taken Sirhind and the areas around it. The Sikhs therefore moved to Lohgarh for their final battle. The Sikhs defeated the army but reinforcements were called and they laid siege on the fort with 60,000 troops. Gulab Singh dressed himself in the garments of Banda Singh and seated himself in his place.

Banda Singh left the fort at night and went to a secret place in the hills and Chamba forests. The failure of the army to kill or catch Banda Singh shocked Emperor, Bahadur Shah and on 10 December 1710 he ordered that wherever a Sikh was found, he should be murdered.

Banda Singh Bahadur wrote Hukamnamas to the Sikhs to reorganize and join him at once. In 1712, the Sikhs gathered near Kiratpur Sahib and defeated Raja Ajmer Chand, who was responsible for organizing all the Hill Rajas against Guru Gobind Singh and instigating battles with him. After Bhim Chand's dead the other Hill Rajas accepted their subordinate status and paid revenues to Banda Singh. While Bahadur Shah's four sons were killing themselves for the throne of the Mughal Emperor, Banda Singh Bahadur recaptured Sadhaura and Lohgarh. Farrukh Siyar, the next Mughal Emperor, appointed Abdus Samad Khan as the governor of Lahore and Zakaria Khan, Abdus Samad Khan's son, the Faujdar of Jammu.

In 1713 the Sikhs left Lohgarh and Sadhaura and went to the remote hills of Jammu and where they built Dera Baba Banda Singh. During this time Sikhs were being persecuted especially by Mughals in the Gurdaspur region. Banda Singh came out and captured Kalanaur and Batala(both places in modern Gurdaspur district which

rebuked Farrukh Siyar to issue Mughal and Hindu officials and chiefs to proceed with their troops to Lahore to reinforce his army.



**SIEGE IN GURDAS NANGAL -** In March 1715, the army under the rule of Abd al-Samad Khan, the Mughal governor of Lahore, drove Banda Bahadur and the Sikh forces into the village of Gurdas Nangal,6 km to the west of city Gurdaspur, Punjab and laid siege to the village. The Sikhs defended the small fort for eight months under conditions of great hardship, but on 7 December 1715 the Mughals broke into the starving garrison and captured Banda Singh and his companions.

**EXECUTION -** Shaheed Baba Banda Singh Bahadur is being executed at Delhi, sculpture at Mehdiana Sahib, near Jagraon in Ludhiana district, India.

Banda Singh Bahadur was put into an iron cage and the remaining Sikhs were chained. The Sikhs were brought to Delhi in a procession with the 780 Sikh prisoners, 2,000 Sikh heads hung on spears, and 700 cartloads of heads of slaughtered Sikhs used to terrorise the population. They were put in the Delhi fort and pressured to give up their faith and become Muslims.

The prisoners remained unmoved. On their firm refusal these non-converters were ordered to be executed. Every day 100 Sikh soldiers were brought out of the fort and murdered in public. This continued for approximately seven days. He was told to kill his four-year-old son, Ajai Singh, which he refused to do. So, Ajai Singh was murdered, his heart was cut out, and thrust into Banda Bahdur's mouth. However, his resolution did not break under torture, and so he was martyred. After three months of confinement, on 9 June 1716, Banda Singh's eyes were gouged out, his limbs were severed, his skin removed, and then he was killed.

A war memorial was built where Battle of Chappar Chiri was fought, to glorify heroic Sikh soldiers. The 328 feet tall Fateh Burj was dedicated to Banda Singh Bahadur who led the army and defeated the Mughal forces. The Fateh Burj is taller than Qutab Minar and is an octagonal structure. There is a dome at the top of the tower with Khanda made of stainless steel.



# Project Madurai

## மதுரை தமிழ் இலக்கிய மின்தொகுப்புத் திட்டம்



**TIRUKKURAL : English Translation and Commentary**
**by : Rev Dr G U Pope, Rev W H Drew,**
**Rev John Lazarus and Mr F W Ellis**

***First published by W.H. Allen, & Co, 1886,***
***Reprinted by The South India Saiva Siddhantha Works Publishing Society,***
***Tinnevelly, Madras, India , 1962, 1982.***

**tirukkuRaL**

**English Translation & Commentary (in italics)**

**PART I. VIRTUE**

**1.1 Introduction**

**1.1.1 The Praise of God**

**1.**

A, as its first of letters, every speech maintains;

The "Primal Deity" is first through all the world's domains.

*As the letter A is the first of all letters, so the eternal God is first in the world.*

**2.**

No fruit have men of all their studied lore,

Save they the 'Purely Wise One's' feet adore.

*What Profit have those derived from learning, who worship not the good feet of Him who is possessed of pure knowledge ?*

**3.**

His feet, 'Who o'er the full-blown flower hath past,' who gain

In bliss long time shall dwell above this earthly plain.

*They who are united to the glorious feet of Him who passes swiftly over the flower of the mind, shall flourish long above all worlds.*

**4.**

His foot, 'Whom want affects not, irks not grief,' who gain

Shall not, through every time, of any woes complain.

*To those who meditate the feet of Him who is void of desire or aversion, evil shall never come.*

**5.**

The men, who on the 'King's' true praised delight to dwell,

Affects not them the fruit of deeds done ill or well.

*The two-fold deeds that spring from darkness shall not adhere to those who delight in the true praise of God.*

**6**

Long live they blest, who 've stood in path from falsehood freed;

His, 'Who quenched lusts that from the sense-gates five proceed'.

*Those shall long proposer who abide in the faultless way of Him who has destroyed the five desires of the senses.*

**7.**

Unless His foot, 'to Whom none can compare,' men gain, 'Tis hard for mind to find relief from anxious pain.

*Anxiety of mind cannot be removed, except from those who are united to the feet of Him who is incomparable.*

**8.**

Unless His feet 'the Sea of Good, the Fair and

Bountiful,' men gain,

'Tis hard the further bank of being's changeful sea to attain.

*None can swim the sea of vice, but those who are united to the feet of that gracious Being who is a sea of virtue.*

**9.**

Before His foot, 'the Eight-fold Excellence,' with unbent head,

Who stands, like palsied sense, is to all living functions dead.

*The head that worships not the feet of Him who is possessed of eight attributes, is as useless as a sense without the power of sensation.*

**10.**

They swim the sea of births, the 'Monarch's' foot who gain;

None others reach the shore of being's mighty main.

*None can swim the great sea of births but those who are united to the feet of God.*

**1.1.2. The Excellence of Rain**

11.

The world its course maintains through life that rain unfailing gives;

Thus rain is known the true ambrosial food of all that lives.

*By the continuance of rain the world is preserved in existence; it is therefore worthy to be called ambrosia.*

**12.**

The rain makes pleasant food for eaters rise;

As food itself, thirst-quenching draught supplies.

*Rain produces good food, and is itself food.*

**13.**

If clouds, that promised rain, deceive, and in the sky remain,

Famine, sore torment, stalks o'er earth's vast ocean-girdled plain.

*If the cloud, withholding rain, deceive (our hopes) hunger will long distress the sea-girt spacious world.*

**14.**

If clouds their wealth of waters fail on earth to pour, The ploughers plough with oxen's sturdy team no more.

*If the abundance of wealth imparting rain diminish, the labour of the plough must cease.*

**15.**

'Tis rain works all: it ruin spreads, then timely aid supplies;

As, in the happy days before, it bids the ruined rise.

*Rain by its absence ruins men; and by its existence restores them to fortune.*

**16.**

If from the clouds no drops of rain are shed.

'Tis rare to see green herb lift up its head.

*If no drop falls from the clouds, not even the green blade of grass will be seen.*

**17.**

If clouds restrain their gifts and grant no rain,

The treasures fail in ocean's wide domain.

*Even the wealth of the wide sea will be diminished, if the cloud that has drawn (its waters) up gives them not back again (in rain).*

**18.**

If heaven grow dry, with feast and offering never more,

Will men on earth the heavenly ones adore.

*If the heaven dry up, neither yearly festivals, nor daily worship will be offered in this world, to the celestials.*

**19.**

If heaven its watery treasures ceases to dispense,

Through the wide world cease gifts, and deeds of 'penitence'.

*If rain fall not, penance and alms-deeds will not dwell within this spacious world.*

**20**

When water fails, functions of nature cease, you say;


Thus when rain fails, no men can walk in 'duty's ordered way'.

*If it be said that the duties of life cannot be discharged by any person without water, so without rain there cannot be the flowing of water.*

***(Continue)***



# MATRIMONIAL



**BRIDE**

SUITABLE MATCH FOR LUBANA SIKH BEAUTIFUL GIRL, US PERMANENT RESIDENT, DOB - 1994 , EDUCATION - BDS, PRESENTLY A RESEARCHER IN US, WILL BE JOINING DDS ( AMERICAN DENTAL LICENSE). HEIGHT -5'4". LOOKING FOR GROOM PREFERABLY A DOCTOR OR BUSINESSMAN IN US. CONTACT NO- +91-9872329159.

*********

SUITABLE MATCH FOR LUBANA SIKH BEAUTIFUL GIRL SNEHDEEP KAUR D.O.B.- 06-02-1992, HEIGHT 5'6", APPEARANCE : TALL, SLIM, FAIR, BEAUTIFUL, VALUES : DOWN TO EARTH, HOMELY GIRL, WELL EDUCATED FAMILY, CONVENT EDUCATED, B.TECH IN COMPUTER SCIENCE, RUNNING HER OWN RENOWNED IELTS INSTITUTE IN PATIALA (CITY CENTRE), MOTHER : M.S.C, M.PHIL, MATHS. PRINCIPAL IN SEN. SEC. SCHOOL, FATHER: M.TECH FROM THAPAR ENGG. RETD. DEPUTY GENERAL MANAGER FROM MNC. PRESENTLY WORKING WITH ANOTHER MNC. SIBLING: BROTHER, PURSUING B.TECH (NIT, JALANDHAR) ONLY N.R.I ALLIANCE. CONTACT : 9781922035, 9914652486.

*********

SUITABLE MATCH FOR DIVORCED LOBANA GIRL, DOB 25-07-1988, HEIGHT- 5'6", LAW GRADUATE FROM PUNJAB UNIVERSITY CHANDIGARH. CURRENTLY PR IN CANADA WORKING IN A LAW FIRMS IN TORONTO AS AN ASSOCIATE LAWYER. FAMILY BASED AND SETTLED IN MOHALI , PUNJAB. CONTACT-9888347131

*********

SUKHPREET KAUR DOB-29/07/1992 BIRTH PLACE- CHANDIGARH HEIGHT-5'5" LOCATION-MOHALI EDUCATION-BACHELORS IN ELECTRONICS AND COMMUNICATION ENGINEERING. UNIVERSITY- RAYAT BAHRA, MOHALI CAMPUS. SCHOOL- MOUNT CARMEL CHANDIGARH. FATHERS OCCUPATION- WORKED AS AN ACCOUNTANT IN HARYANA DEVELOPMENT CORPORATION SECTOR 17 CHD. MOTHER- HOME MAKER. CONTACT : 9876579614.

*********

**GROOM**

SUITABLE MATCH FOR LUBANA GURSIKH BOY, US CITIZEN, DOB-SEPT.1992, EDUCATION- BE (MECH.) FROM USA AND WORKING IN USA AS SR. DESIGN ENGINEER, HEIGHT 6', FATHER- GM IN MNC, MOTHER- HOME MAKER, BROTHER STUDYING IN USA, PARENTS STAYING IN DELHI. LOOKING FOR A WELL EDUCATED GROOM PREFERABLY HAVING DONE IT/BTECH/MTECH/MBA/FINANACE. CONTACT: 9971745007.

*********

SUITABLE MATCH FOR HANDSOME BOY DOB: 26.01.1987, HEIGHT: 6FT, COMPLEXION: VERY FAIR, QUALIFICATIONS: SOFTWARE ENGINEER, WORKING IN MNC, CHANDIGARH WITH A 12 LAKH ANNUAL PACKAGE, SETTLED AT MOHALI, FATHER: RETIRED MOTHER: HOUSEWIFE, HPS WALIA, CONT-9464548459

*********

SUITABLE MATCH FOR LOBANA BOY, D.O.B-27-09-1991 HEIGHT 5'11", QUALIFICATIONS: B.S.C NOTICAL SCIENCE JOB IN MERCHANT NAVY AS 2nd OFFICER AND ELDER BROTHER MARRIED AND WELL SETTLED FATHER GAZETTED OFFICER RETIRED FROM PUNJAB GOVT. SERVICE AS SDO, MOTHER HOUSE WIFE CONTACT NO. 9876586130. LOOKING FOR A WELL EDUCATED GROOM.

*********

SUITABLE MATCH FOR LUBANA SIKH BOY, US CITIZEN, DOB-1993. PRESENTLY, AN OFFICER IN NYPD (NEW YORK POLICE DEPARTMENT). WELL EDUCATED FAMILY SETTLED IN US. HAS ONE SISTER, A DENTIST. HEIGHT -5'10" LOOKING FOR A WELL EDUCATED SIKH GIRL IN US. CONTACT NO- +91-9872329159.

*********

SUITABLE MATCH FOR MY SON, AMARJIT SINGH, DATE OF BIRTH- 06-08-1991, HEIGHT- 6FT TURBANED SIKH BOY, QUALIFICATION-B.TECH (CSE) 2012 PTU, PG CYBERSECURITY. PRESENT DESIGNATION- TESTING MANAGER IN MULTINATIONAL IT COMPANY -ACCENTURE (BANGALORE), NOW WFH. PREVIOUSLY SERVED IN FIS AND INFOSYS. TWICE TO ONSITE, LONDON. PACKAGE1 20LPAPERMANENT ADDRESS – SAS NAGAR, FATHER- COL SURINDER SINGH (RETD), MOTHER _ MA ENG B ED. NOW HOUSEWIFE. SIBLING - SISTER, MARRIED, WORKING IN COMMON WEALTH BANK OF AUSTRALIA, AS SENIOR PROJECT MANAGER AT SYDNEY. SON- IN -LAW WORKING AS SENIOR DEV MANAGER WITH

WEST PAC BANK AT SYDNEY. LOOKING FOR WORKING GIRL PREFERBLY FROM I.T., FINANCE, WELL EDUCATED RESPECTBLE FAMILY. CASTE NO BAR. CONTACT NO: 9530769832.

*********

SUITABLE MATCH FOR A LOBANA SIKH BOY PRABHJOT SINGH DOB: 1 SEPTEMBER 1993, HEIGHT: 5'8" EDUCATION: B TECH COMPUTER SCIENCE ENGINEERING FROM GURU NANAK DEV ENGINEERING COLLEGE, LUDHIANA. CURRENTLY WORKING AS A SOFTWARE DEVELOPER FOR THE PACKAGING WHOLESALERS, ELGIN, ILLINOIS. CONTACT: 9872999191

*********

SUITABLE MATCH FOR A LOBANA SIKH BOYS AMAR PREET SINGH DOB: 12TH FEB 1994 HEIGHT:6 FEET, STUDY: B TECH-ECE (2011-2015)WORK EXPERIENCE: 3.5 YEARS AS DATA ANALYST IN AON CONSULTING PVT LTD-GURGOAN (2015 JUNE-2018 DEC) CANADIAN STUDY: ONE YEAR PROJECT MANAGEMENT POST GRADUATE DIPLOMA (2019 JAN 2019 DEC.) IMMIGRATION STATUS: PR, CURRENT JOB: DATA ANALYST AT BANK OF MONTREAL, CURRENT INCOME: 7000 (CAD) PER MONTH, CURRENT LOCATION:BRAMPTON, ONTARIO.. MOB. -9416052800 & 9996936584 SAJJAN SINGH FATHER.

*********

SUITABLE MATCH FOR A LOBANA SIKH BOY BALJEET SINGH S/O: SARDAR GURMAIL SINGH (RETIRED FROM ARMY), DOB: 04-11-1990 HEIGHT: 5'10" OCCUPATION:TRANSPORT OFFICER & DISPATCHER IN AUCKLAND TRANSPORT, NEW ZEALAND. OWN SHARES IN TAXI COMPANY WHICH GENERATES SECONDARY INCOME IN AUCKLAND CO-OP TAXIS. MOTHER: PARAMJIT KAUR (HOUSEWIFE) EDUCATION: BACHELOR'S IN NETWORK ENGINEERING SIBLING: IN CANADA WORKS AS OPERATION MANAGER ADDRESS: 1389/7 SECTOR-65 MOHALI. CONTACT: 9915794699.

*********

SUITABLE MATCH FOR LOBANA SIKH BOY (MULTANI)DATE OF BIRTH: SEPTEMBER 1991 HEIGHT: 180CM.WORKING IN IT/CYBER SECURITY IN CANADA. SCHOOLING DONE FROM ARMY SCHOOL. GRADUATION DONE FROM MM UNIVERSITY, MULLANA, AMBALA. FAMILY BASED IN BARARA, INDIA. FATHER: RETIRED FROM ARMY, MOTHER: HOUSEWIFE. CONTACT NUMBER: 8950501303, 7988424767.

*********

SUITABLE MATCH FOR LOBANA SIKH BOY (MULTANI) DATE OF BIRTH: DECEMBER 1992 HEIGHT: 175 CM GERMAN CITIZENS. WORKING AS IT CONSULTANT IN GERMANY. SCHOOLING DONE FROM CHANDIGARH GRADUATION DONE FROM PANJAB UNIVERSITY, CHANDIGARH. FAMILY BASED IN GERMANY AND IN CHANDIGARH, INDIA. PREFERRED: GERMANY, FATHER: RETIRED, MOTHER: HOUSEWIFE. CONTACT NUMBER: 09988160038.

*********

SUITABLE MATCH FOR TURBANED LOBANA SIKH BOY D.O.B : 31-11-1992, HEIGHT 5'8", EDUCATION B.TECH CSE, POST GRADUATE DIPLOMA IN CLOUD COMPUTING FROM BRAMPTON, PR CANADA, WORKING WITH REPUTED COMPANY, ONE SISTER MARRIED MBA IIT DELHI. WORKING WITH AMAZON AS PROGRAM MANAGER, MOTHER HOMEMAKER, AND FATHER TRANSPORTER. HAVING URBAN AND RURAL PROPERTY. MOBILE: 9416023670, 9518483952.

*********

SUITABLE MATCH FOR LUBANA TURBEND GURSIKH DOCTOR BOY DOB JAN 1989 HEIGHT 5'11" COMPLEXION VERY FAIR EDUCATION MASTER IN SPORTS PHYSIOTHERAPHY. SIBLING YOUNGER SISTER M.TECH COMPUTER SCIENCE (WORKING) FATHER RETD. PROFESSOR KHALSA COLLEGE MOTHER RETD. TEACHER KVS SCHOOL OWN HOUSE IN JALANDHAR VERY WELL SETTLED FAMILY WHATAPP 9250304769 EMAIL 53BALJITMATRI@GMAIL.COM

*********

# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 01-12-2021 ਤੋਂ 20-11-2021

**(ਪੋਹ ਮਹੀਨੇ ਦੀ ਸੰਗਰਾਂਦ ਦਾ ਦਾਨ)**

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਪਾਖਰ ਸਿੰਘ<br>7, ਰਣਜੀਤ ਐਵੀਨਿਊ, ਜਲੰਧਰ | 2100/- | ਆਈ-1822 | 16-7-21 |
| 2. | ਸ. ਗੁਰਮੇਲ ਸਿੰਘ ਮੁਲਤਾਨੀ ਕਪੂਰਥਲਾ | 5100/- | ਆਈ-1823 | 11-9-21 |
| 3. | ਸ. ਮਨਜੀਤ ਸਿੰਘ<br>330, ਸਿੰਘਪੁਰਾ ਮੁਹੱਲਾ, ਵਾਰਡ ਨੰ. 3, ਟਾਂਡਾ ਹੁਸ਼ਿਆਰਪੁਰ | 3000/- | ਆਈ-1824 | 15-9-21 |
| 4. | ਸ. ਕੁਲਦੀਪ ਸਿੰਘ<br>ਪਿੰਡ ਅਤੇ ਡਾਕਖਾਨਾ ਇਬਰਾਹੀਮਪੁਰ, ਜ਼ਿਲ੍ਹਾ ਹੁਸ਼ਿਆਰਪੁਰ | 3000/- | ਆਈ-1825 | 15-9-21 |
| 5. | ਸ. ਬਲਵਿੰਦਰ ਸਿੰਘ<br>ਪਿੰਡ ਕਰਨੈਲ ਰੰਗ, ਜੈਦ, ਜ਼ਿਲ੍ਹਾ ਕਪੂਰਥਲਾ | 3000/- | ਆਈ-1826 | 15-9-21 |
| 6. | ਸ. ਮਲਕੀਅਤ ਸਿੰਘ<br>ਵਾਰਡ ਨੰ. 7, ਨੇੜੇ ਡਾਕਖਾਨਾ ਬੇਗੋਵਾਲ (ਕਪੂਰਥਲਾ) | 1000/- | ਆਈ-1827 | 22-9-21 |
| 7. | ਸ. ਜਸਵੰਤ ਸਿੰਘ<br>ਪਿੰਡ ਭਦਾਸ, ਡਾਕਖਾਨਾ ਭਦਾਸ, ਜ਼ਿਲ੍ਹਾ ਕਪੂਰਥਲਾ | 5100/- | ਆਈ-1828 | 22-9-21 |
| 8. | ਸ. ਜਗਜੀਤ ਸਿੰਘ<br>ਵਾਰਡ ਨੰ. 5, ਬੇਗੋਵਾਲ, ਜ਼ਿਲ੍ਹਾ ਕਪੂਰਥਲਾ | 2100/- | ਆਈ-1829 | 24-9-21 |
| 9. | ਸ. ਜਰਨੈਲ ਸਿੰਘ<br>ਵਾਰਡ ਨੰ. 10, ਬੇਗੋਵਾਲ, ਜ਼ਿਲ੍ਹਾ ਕਪੂਰਥਲਾ | 1000/- | ਆਈ-1830 | 18-12-21 |
| 10. | ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ<br>117, ਸੈਕਟਰ-35-ਏ, ਚੰਡੀਗੜ੍ਹ | 500/- | ਆਈ-1447 | 1-21-22 |
| 11. | ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ<br>117, ਸੈਕਟਰ-35-ਏ, ਚੰਡੀਗੜ੍ਹ | 1000/- | ਆਈ-1448 | 1-21-22 |
| 12. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਸਕੱਤਰ, ਸੈਕਟਰ 38-ਸੀ, ਚੰਡੀਗੜ੍ਹ | 1100/- | ਆਈ-1449 | 14-1-22 |
| 13. | ਰਾਮ ਕੁਮਾਰ (ਕੈਨਟੀਨ)<br>ਸੈਕਟਰ 30-ਏ, ਚੰਡੀਗੜ੍ਹ | 500/- | ਆਈ-1450 | 14-1-22 |

| | | | | |
|---|---|---|---|---|
| 14. | ਮੇਜਰ ਐਨ.ਐਸ. ਮੁਲਤਾਨੀ ਵਾਈਸ ਪ੍ਰਧਾਨ | 500/- | ਆਈ-1453 | 14-1-22 |
| 15. | ਸ. ਨਿਰਮਲ ਸਿੰਘ (ਮੇਨਟੇਨ ਸਕੱਤਰ)<br>2354, ਫੇਜ਼-10, ਮੋਹਾਲੀ | 200/- | ਆਈ-1453 | 14-1-22 |
| 16. | ਸ. ਕੁਲਦੀਪ ਸਿੰਘ ਸੁਜਲਾਣਾ ਜਨਰਲ ਸਕੱਤਰ<br>139, ਸੈਕਟਰ 70, ਮੋਹਾਲੀ | 500/- | ਆਈ-1455 | 14-1-22 |
| 17. | ਸ. ਰਜਿੰਦਰਪਾਲ ਸਿੰਘ<br>ਸੈਕਟਰ 38 | 200/- | ਆਈ-1456 | 14-1-2022 |
| 18. | ਸ. ਭਗਵਾਨ ਸਿੰਘ ਲੁਬਾਣਾ<br>ਜਲੰਧਰ | 5000/- | ਆਈ-1154 | 14-1-22 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030

ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**



**ਫਾਊਂਡੇਸ਼ਨ ਦੇ ਜਿਹੜੇ ਮੈਂਬਰਾਂ ਪਾਸ ਮੈਂਬਰਸ਼ਿਪ ਕਾਰਡ ਨਹੀਂ ਹਨ ਉਹ ਕ੍ਰਿਪਾ ਕਰਕੇ ਫਾਊਂਡੇਸ਼ਨ ਨੂੰ ਬਾਕਾਇਦਾ ਫਾਰਮ ਭਰ ਕੇ ਸਮੇਤ ਦੋ ਫੋਟੋਆਂ ਤੁਰੰਤ ਅਪਲਾਈ ਕਰਨ ਤਾਂ ਜੋ ਮੈਂਬਰਸ਼ਿਪ ਕਾਰਡ ਜਾਰੀ ਕੀਤਾ ਜਾਵੇ।**

**- ਸੰਪਾਦਕ**

# Working Committee Meeting held on 14-01-2022





**A needs & poor Sikh Sher Singh of village Alampur near Rajpura was helped financially by Sectry. General, International Sikh confederation, Col. Jagtar Singh Multani. (Handing over the cash) at HQ, ISC Chandigarh.**

Regd No. 32212/78 Postal No.-- G/CHD/0111/2018-2020



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਚੱਲ ਰਹੇ ਹੈਲਥ ਕੇਅਰ ਸੈਂਟਰ ਦੇ ਵੱਖ-ਵੱਖ ਵਿੰਗਾਂ ਦਾ ਦ੍ਰਿਸ਼